# ਡਾਇਰੈਕਟੋਰੇਟ ਆਫ਼ ਐਜੂਕੇਸ਼ਨ
# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
# ਸ੍ਰੀ ਅੰਮ੍ਰਿਤਸਰ ਸਾਹਿਬ

Estd.1971

NAAC A++ GRADE
ACCREDITED COLLEGE



N·S·D·C National Skill Development Corporation

Eat Right CAMPUS

# ਪ੍ਰਾਸਪੈਕਟਸ 2025-26

# ਗੁਰੂ ਨਾਨਕ ਕਾਲਜ ਬੁਢਲਾਡਾ

## ਆਟੋਨੌਮਸ ਕਾਲਜ

### ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ

ਨੈਕ ਵੱਲੋਂ 'ਏ++' ਗਰੇਡ ਪ੍ਰਾਪਤ

ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ 'ਸਟਾਰ ਕਾਲਜ' ਅਤੇ ਐੱਨ.ਐੱਸ.ਡੀ.ਸੀ. ਵਿਭਾਗ ਵੱਲੋਂ ਚੁਣੀ ਗਈ 'ਸਕਿੱਲ ਹੱਬ ਸੰਸਥਾ'

ਪੰਜਾਬ ਸਰਕਾਰ ਤੋਂ 95% ਗ੍ਰਾਂਟ ਇਨ ਏਡ ਅਤੇ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਤੋਂ ਈਟ ਰਾਈਟ ਕੈਂਪਸ ਪ੍ਰਮਾਣਿਤ

www.gncbudhlada.org gncbudhlada@yahoo.co.in

ਐੱਨ.ਐੱਚ. 148-ਬੀ, ਬੁਢਲਾਡਾ, ਮਾਨਸਾ (ਪੰਜਾਬ)-151502,

# ਸ੍ਵੈਯਾ

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਅਪੁਨੀ ਜੀਤ ਕਰੋਂ॥
ਅਰੁ ਸਿਖ ਹੋ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਗੋਬਿੰਦ ਸਿੰਘ ਜੀ

# ਸਾਡੇ ਸਰਪ੍ਰਸਤ



**ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ**

ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ਸਾਹਿਬ



## ਸਕੱਤਰ ਵਿੱਦਿਆ ਦੀ ਕਲਮ ਤੋਂ...

### ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਸਿੱਖ ਧਰਮ ਦੀ ਪ੍ਰਮੁੱਖ ਅਤੇ ਪ੍ਰਤੀਨਿਧ ਸੰਸਥਾ – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਜੋ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਜਥੇਬੰਦੀਆਂ ਅਤੇ ਸਿੱਖ ਕੌਮ ਦੀਆਂ ਬੇਮਿਸਾਲ ਕੁਰਬਾਨੀਆਂ ਦੇ ਨਤੀਜੇ ਵਜੋਂ ਉੱਭਰੀ, ਸਦੀਆਂ ਤੋਂ ਗੁਰੂ–ਘਰਾਂ ਦੇ ਪ੍ਰਬੰਧ ਨੂੰ ਗੁਰਮਤਿ ਅਸੂਲਾਂ ਅਤੇ ਗੁਰ–ਮਰਿਆਦਾ ਅਨੁਸਾਰ ਚਲਾਉਣ ਵਿੱਚ ਯਤਨਸ਼ੀਲ ਰਹੀ ਹੈ। ਇਸ ਦੇ ਸਨਮੁੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਿਆਨ ਦੇ ਪ੍ਰਚਾਰ ਅਤੇ ਵਿੱਦਿਆ ਦੇ ਪ੍ਰਸਾਰ ਲਈ ਵੀ ਆਪਣੀ ਅਹਿਮ ਭੂਮਿਕਾ ਨਿਭਾਅ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਦਿਆ ਦੇ ਖੇਤਰ ਵਿੱਚ ''ਗਿਆਨ ਰਤਨਿ ਸਭ ਸੋਝੀ ਹੋਇ'' ਗੁਰੂ ਸਹਿਬਾਨ ਦੇ ਪਵਿੱਤਰ ਵਚਨ ਨੂੰ ਆਦਰਸ਼ ਬਣਾਉਂਦੇ ਹੋਏ, ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਤਾਂ ਕਿ ਅਗਿਆਨਤਾ ਦੇ ਹਨੇਰੇ ਨੂੰ ਮਿਟਾਅ ਕੇ ਮਨੁੱਖੀ ਜੀਵਨ ਨੂੰ ਰੌਸ਼ਨ ਕੀਤਾ ਜਾ ਸਕੇ। ਇਹ ਸੰਸਥਾਵਾਂ ਸਿਰਫ਼ ਦੁਨਿਆਵੀ ਗਿਆਨ ਦੀ ਪ੍ਰਾਪਤੀ ਲਈ ਹੀ ਮਾਰਗ–ਦਰਸ਼ਨ ਪ੍ਰਦਾਨ ਨਹੀਂ ਕਰਦੀਆਂ ਸਗੋਂ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਸਲ ਸਿਧਾਤਾਂ ਨਾਲ ਜੋੜਦੀਆਂ ਵੀ ਹਨ ਤਾਂ ਜੋ ਨੌਜਵਾਨ ਪੀੜ੍ਹੀ ਗੁਰ–ਮਰਿਆਦਾ ਅਨੁਸਾਰ ਸਮਰੱਥ ਅਤੇ ਚੇਤਨ ਬਣ ਸਕੇ।

ਗੁਰੂ ਨਾਨਕ ਕਾਲਜ, ਬੁਢਲਾਡਾ – ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਫ਼ਲਤਾਪੂਰਵਕ ਚੱਲ ਰਹੀ ਇੱਕ ਸਿਰਮੌਰ ਅਤੇ ਆਟੋਨੌਮਸ ਸੰਸਥਾ ਹੈ। ਆਧੁਨਿਕ ਯੁੱਗ ਦੀਆਂ ਉੱਚ ਸਿੱਖਿਅਕ ਲੋੜਾਂ ਨੂੰ ਪੂਰਾ ਕਰਦੀ ਹੋਈ ਇਹ ਸੰਸਥਾ ਵਿੱਦਿਆ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਉਂਦੀ ਨਜ਼ਰ ਆਉਂਦੀ ਹੈ। ਇਸ ਕਾਲਜ ਨੂੰ NAAC ਵੱਲੋਂ A++ ਗਰੇਡ ਮਿਲਣਾ ਅਤੇ ਆਟੋਨੌਮਸ ਸੰਸਥਾ ਵਜੋਂ ਪ੍ਰਮਾਨਿਕ ਹੋਣਾ, ਇਸ ਦੀ ਉੱਚ ਪੱਧਰੀ ਵਿੱਦਿਆਤਮਕ ਯੋਗਤਾ ਅਤੇ ਵਿਵਸਥਾ ਦਾ ਪ੍ਰਮਾਣ ਹੈ। ਇਹ ਸੰਸਥਾ ਨਾ ਸਿਰਫ਼ ਆਧੁਨਿਕ ਵਿੱਦਿਆ, ਨੈਤਿਕ ਮੁੱਲਾਂ ਅਤੇ ਪੰਜਾਬੀ ਸਭਿਆਚਾਰ ਦੀ ਸੰਭਾਲ ਕਰਦੀ ਹੈ ਸਗੋਂ ਸਿੱਖ ਸਿਧਾਂਤਾਂ ਦੀ ਰੌਸ਼ਨੀ ਹੇਠ ਵਿਦਿਆਰਥੀਆਂ ਨੂੰ ਉੱਚ ਜੀਵਨ ਮੁੱਲਾਂ ਦੀ ਦਿਸ਼ਾ ਵੀ ਦਿੰਦੀ ਹੈ।

ਕਾਲਜ ਦੇ ਵਿਦਿਆਰਥੀ ਵਿੱਦਿਅਕ, ਅਧਿਆਤਮਿਕ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਯੂਨੀਵਰਸਿਟੀ, ਰਾਜ, ਰਾਸ਼ਟਰੀ ਅਤੇ ਅੰਤਰ–ਰਾਸ਼ਟਰੀ ਪੱਧਰ 'ਤੇ ਆਪਣੀ ਵਿਅਕਤੀਗਤ ਪਛਾਣ ਬਨਾਉਣ ਵੱਲ ਯਤਨਸ਼ੀਲ ਹਨ, ਜਿਸ ਕਾਰਨ ਸੰਸਥਾ ਨੇ ਕਈ ਮਾਣ–ਸਨਮਾਨ ਹਾਸਲ ਕੀਤੇ ਹਨ। ਮੈਂ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ 'ਜੀ ਆਇਆਂ ਨੂੰ' ਕਹਿੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਇਹ ਸੰਸਥਾ ਸਦਾ ਚੜ੍ਹਦੀ ਕਲਾ ਵਿੱਚ ਰਹੇ ਅਤੇ ਵਿਦਿਆਰਥੀ ਗੁਰਬਾਣੀ ਦੀ ਰੌਸ਼ਨੀ ਵਿੱਚ ਦੁਨਿਆਵੀ ਅਤੇ ਰੂਹਾਨੀ ਗਿਆਨ ਨਾਲ ਅਨੁਭਵੀ ਹੋਣ।

ਇੰਜੀ. ਸ. ਸੁਖਮਿੰਦਰ ਸਿੰਘ,
ਡਾਇਰੈਕਟਰ ਐਜੂਕੇਸ਼ਨ/ਸਕੱਤਰ ਵਿੱਦਿਆ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।



## ਪ੍ਰਿੰਸੀਪਲ ਦੀ ਕਲਮ ਤੋਂ...

ਗੁਰੂ ਨਾਨਕ ਕਾਲਜ, ਬੁਢਲਾਡਾ ਵਿੱਚ ਦਾਖ਼ਲਾ ਲੈਣ ਆਏ ਪਿਆਰੇ ਵਿਦਿਆਰਥੀਓ, ਤੁਹਾਡਾ ਇਸ ਸੰਸਥਾ ਵਿੱਚ ਨਿੱਘਾ ਸਵਾਗਤ ਹੈ।

"ਗੁਰ ਪਰਸਾਦੀ ਵਿਦਿਆ ਵੀਚਾਰੈ, ਪੜਿ ਪੜਿ ਪਾਵੈ ਮਾਨੁ।" ਗੁਰਬਾਣੀ ਦੇ ਇਸ ਮਹਾਂਵਾਕ ਨੂੰ ਅਧਾਰ ਬਣਾਉਂਦਿਆਂ, ਗੁਰੂ ਨਾਨਕ ਕਾਲਜ, ਬੁਢਲਾਡਾ ਉੱਤਰੀ ਭਾਰਤ ਦੀ ਸਿਰਮੌਰ ਅਤੇ ਆਟੋਨੌਮਸ ਸੰਸਥਾ ਵਜੋਂ ਆਪਣੀ ਨਿਵੇਕਲੀ ਪਛਾਣ ਬਣਾ ਚੁੱਕੀ ਹੈ। ਇਹ ਸੰਸਥਾ ਪਿਛਲੇ ਕਈ ਦਹਾਕਿਆਂ ਤੋਂ ਨੈਤਿਕ ਮੁੱਲਾਂ ਤੇ ਅਧਾਰਿਤ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ। ਵਿੱਦਿਆ ਦੇ ਖੇਤਰ ਵਿਚ ਲਗਾਤਾਰ ਉੱਤਮਤਾ ਦੀ ਦਿਸ਼ਾ ਵੱਲ ਅੱਗੇ ਵਧਦਿਆਂ, ਇਹ ਸੰਸਥਾ ਕਾਮਯਾਬੀ ਦੇ ਨਵੇਂ ਮੀਲ ਪੱਥਰ ਸਥਾਪਿਤ ਕਰ ਰਹੀ ਹੈ। ਸੰਸਥਾ ਨੂੰ ਨੈਕ ਵੱਲੋਂ ਏ++ ਗ੍ਰੇਡ ਅਤੇ ਯੂ.ਜੀ.ਸੀ ਵੱਲੋਂ ਆਟੋਨੌਮਸ ਸੰਸਥਾ ਦਾ ਰੁਤਬਾ ਪ੍ਰਾਪਤ ਹੋਇਆ ਹੈ ਜੋ ਕਿ ਸਾਡੇ ਸਿੱਖਿਅਕ ਮਿਆਰ ਅਤੇ ਪ੍ਰਬੰਧਕੀ ਨੀਤੀਆਂ ਦਾ ਪ੍ਰਮਾਣ ਹੈ। ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਰਸਮੀ ਵਿਸ਼ਿਆਂ ਦੀ ਪੜ੍ਹਾਈ ਤੋਂ ਇਲਾਵਾ ਕਿੱਤਾ-ਮੁਖੀ ਕੋਰਸਾਂ ਰਾਹੀਂ ਆਪਣੇ ਭਵਿੱਖ ਨੂੰ ਉੱਜਵਲ ਬਣਾਉਣ ਦਾ ਪੂਰਾ ਮੌਕਾ ਮਿਲਦਾ ਹੈ ਜਿਸਦੇ ਨਤੀਜੇ ਵਜੋਂ ਸਾਡੇ ਵਿਦਿਆਰਥੀ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਤੋਂ ਇਲਾਵਾ ਸਵੈ-ਰੋਜ਼ਗਾਰ ਦੇ ਯੋਗ ਬਣ ਕੇ ਨਵੇਂ ਮੁਕਾਮ ਹਾਸਲ ਕਰ ਰਹੇ ਹਨ। ਆਟੋਨੌਮਸ ਸੰਸਥਾ ਹੋਣ ਦੇ ਨਾਤੇ ਇਹ ਸੰਸਥਾ ਸਮੇਂ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਉਹਨਾਂ ਲਈ ਕਈ ਨਵੇਂ ਕੋਰਸ ਸ਼ੁਰੂ ਕਰਨ ਜਾ ਰਹੀ ਹੈ। ਸੰਸਥਾ ਕੋਲ ਤਕਨੀਕ ਅਧਾਰਤ ਸਿੱਖਿਆ ਪ੍ਰਣਾਲੀ ਨੂੰ ਅਪਣਾਉਣ ਵਾਲਾ ਉੱਚ-ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕ ਵਰਗ ਹੈ, ਜੋ ਵਿਦਿਆਰਥੀਆਂ ਨੂੰ ਸਮਕਾਲੀ ਅਤੇ ਭਵਿੱਖ ਦੀਆਂ ਸੰਭਾਵਿਤ ਚੁਣੌਤੀਆਂ ਲਈ ਤਿਆਰ ਕਰਨ ਵਿਚ ਸਮਰੱਥ ਹੈ। ਸੰਸਥਾ ਆਧੁਨਿਕ ਤਕਨੀਕੀ ਅਤੇ ਹੋਰ ਸਾਰੇ ਜ਼ਰੂਰੀ ਸਾਜ਼ੋ-ਸਮਾਨ ਨਾਲ ਲੈਸ ਹੈ।

ਮੈਂ ਇਹਨਾਂ ਸ਼ਬਦਾਂ ਰਾਹੀਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਇਹ ਜਾਣਕਾਰੀ ਦੇਣ ਵਿੱਚ ਗੌਰਵ ਮਹਿਸੂਸ ਕਰਦਾ ਹਾਂ ਕਿ ਗੁਰੂ ਨਾਨਕ ਕਾਲਜ, ਬੁਢਲਾਡਾ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਇਕ ਦ੍ਰਿੜ ਅਤੇ ਪ੍ਰੇਰਣਾਦਾਇਕ ਮਾਰਗਦਰਸ਼ਕ ਵਜੋਂ ਕੰਮ ਕਰ ਰਿਹਾ ਹੈ। ਇਹ ਸੰਸਥਾ ਉੱਚ-ਦਰਜੇ ਦੀ ਸਿੱਖਿਆ ਰਾਹੀਂ ਵਿਦਿਆਰਥੀਆਂ ਨੂੰ ਬੌਧਿਕ ਤੌਰ 'ਤੇ ਮਜ਼ਬੂਤ, ਸਮਾਜਿਕ ਤੌਰ 'ਤੇ ਜ਼ੁੰਮੇਵਾਰ ਅਤੇ ਨੈਤਿਕ ਤੌਰ 'ਤੇ ਸਮਝਦਾਰ ਨਾਗਰਿਕ ਬਣਾਉਣ ਲਈ ਸਮਰਪਿਤ ਹੈ। ਸਾਡੀ ਸੰਸਥਾ ਵਿਦਿਆਰਥੀਆਂ ਨੂੰ ਉਹਨਾਂ ਦੇ ਸਰਵ-ਪੱਖੀ ਵਿਕਾਸ ਲਈ ਲੋੜੀਂਦੇ ਸਰੋਤ, ਮੌਕੇ ਅਤੇ ਮਾਹੌਲ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ ਜਿਸਦੇ ਨਤੀਜੇ ਵਜੋਂ ਸੰਸਥਾ ਦੇ ਵਿਦਿਆਰਥੀ ਲਗਾਤਾਰ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚ ਮੈਰਿਟ ਸਥਾਨ ਪ੍ਰਾਪਤ ਕਰ ਰਹੇ ਹਨ। ਅਕਾਦਮਿਕ ਖੇਤਰ ਤੋਂ ਇਲਾਵਾ ਸਾਡੇ ਵਿਦਿਆਰਥੀਆਂ ਨੇ ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਵੀ ਯੂਨੀਵਰਸਿਟੀ, ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।

ਮੈਂ ਗੁਰੂ ਨਾਨਕ ਕਾਲਜ, ਬੁਢਲਾਡਾ ਵਿਚ ਦਾਖ਼ਲਾ ਲੈਣ ਵਾਲੇ ਹਰ ਵਿਦਿਆਰਥੀ ਨੂੰ 'ਜੀ ਆਇਆਂ ਨੂੰ' ਆਖਦਿਆਂ ਉਸ ਦੇ ਸੁਨਹਿਰੇ ਭਵਿੱਖ ਦੀ ਕਾਮਯਾਬੀ ਲਈ ਅਰਦਾਸ ਕਰਦਾ ਹਾਂ।

ਡਾ. ਨਰਿੰਦਰ ਸਿੰਘ
ਪ੍ਰਿੰਸੀਪਲ

NAAC 'A++' ACCREDITATION HIGHEST SCORE (3.52) IN PUNJAB | AICTE APPROVED COURSES MCA, BCA, BBA | UGC 2f & 12B STATUS | DBT STAR COLLEGE STATUS | SKILL HUB INSTITUTE BY NSDC | EAT RIGHT CAMPUS | AUTONOMOUS COLLEGE

# ਕਾਲਜ ਬਾਰੇ

ਗੁਰੂ ਨਾਨਕ ਕਾਲਜ ਬੁਢਲਾਡਾ, ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸਤਾਬਦੀ ਦੀ ਪਾਵਨ ਸਿਮਰਤੀ ਵਿੱਚ ਸਰਦਾਰ ਪ੍ਰਸ਼ੋਤਮ ਸਿੰਘ (ਤਤਕਾਲੀ ਵਿਧਾਇਕ), ਜ਼ੈਲਦਾਰ ਹਜ਼ਾਰਾ ਸਿੰਘ (ਤਤਕਾਲੀ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ), ਗਿਆਨੀ ਗੋਪਾਲ ਸਿੰਘ ਜੀ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ ਦੇ ਯਤਨਾਂ ਸਦਕਾ 1971 ਵਿੱਚ ਸਥਾਪਿਤ ਕੀਤਾ ਗਿਆ। ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਦੂਰ-ਅੰਦੇਸ਼ੀ ਸਦਕਾ 09 ਨਵੰਬਰ 1994 ਨੂੰ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸੌਂਪ ਦਿੱਤਾ ਗਿਆ। ਇਸ ਅਗਵਾਈ ਵਿੱਚ ਸੰਸਥਾ ਨੇ ਲਗਾਤਾਰ ਤਰੱਕੀਆਂ ਕੀਤੀਆਂ ਹਨ। ਇਸ ਸਮੇਂ ਸੰਸਥਾ ਵਿੱਚ 14 ਅੰਡਰ-ਗ੍ਰੈਜੂਏਟ ਅਤੇ 19 ਪੋਸਟ ਗ੍ਰੈਜੂਏਟ ਵਿਭਾਗਾਂ ਵਿੱਚ ਲੱਗਭੱਗ 7000 ਵਿਦਿਆਰਥੀ ਪੜ੍ਹ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਲਈ ਆਟੋਨੌਮਸ ਸੰਸਥਾ ਵਜੋਂ ਕਾਰਜਸ਼ੀਲ ਹੁੰਦਿਆਂ, ਇਹ ਸੰਸਥਾ 9 ਯੂ.ਜੀ. ਅਤੇ 2 ਪੀ.ਜੀ. ਅਤੇ ਡਿਪਲੋਮਾ ਕੋਰਸ ਆਰੰਭ ਕਰ ਰਹੀ ਹੈ। ਅਧਿਆਪਕ ਪੜ੍ਹਾਉਣ ਦੇ ਨਾਲ-ਨਾਲ ਖੋਜ-ਕਾਰਜਾਂ ਵਿੱਚ ਸਰਗਰਮੀ ਵਿਖਾਉਂਦੇ ਹਨ, ਵੱਖ-ਵੱਖ ਖੋਜ ਪ੍ਰੋਜੈਕਟਾਂ ਤੇ ਕਾਰਜ ਕਰਦਿਆਂ ਵਿਦਿਆਰਥੀਆਂ ਅੰਦਰ ਖੋਜ ਦੀ ਭਾਵਨਾ ਪੈਦਾ ਕਰ ਰਹੇ ਹਨ। ਇਸ ਦਾ ਨਤੀਜਾ ਹੈ ਕਿ ਉਨ੍ਹਾਂ ਦੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਰਸਾਲਿਆਂ, ਯੂ.ਜੀ.ਸੀ. ਵੱਲੋਂ ਮਾਨਤਾ ਪ੍ਰਾਪਤ ਜਰਨਲਾਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ 1000 ਤੋਂ ਵੱਧ ਖੋਜ ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ। ਕਾਲਜ ਵੱਲੋਂ ਖੋਜ ਨੂੰ ਉਤਸ਼ਾਹਿਤ ਕਰਨ ਲਈ ਖੋਜ ਕੇਂਦਰ ਸਥਾਪਤ ਕੀਤਾ ਹੈ। ਸੰਸਥਾ ਵਿੱਚ ਸਮਾਰਟ ਕਲਾਸ ਰੂਮ, ਸਾਇੰਸ, ਕੰਪਿਊਟਰ, ਫ਼ੈਸ਼ਨ ਤਕਨਾਲੋਜੀ, ਫੂਡ ਪ੍ਰੋਸੈਸਿੰਗ ਅਤੇ ਹੋਰ ਲੋੜੀਂਦੀਆਂ ਪ੍ਰਯੋਗਸ਼ਾਲਾਵਾਂ ਹਨ। ਸਮੁੱਚੇ ਕੈਂਪਸ ਵਿੱਚ ਇੰਟਰਨੈੱਟ ਵਾਈ-ਫ਼ਾਈ ਦੀ ਸੁਵਿਧਾ ਹੈ। ਬਾਬਾ ਬੰਦਾ ਸਿੰਘ ਬਹਾਦਰ ਇੰਡੋਰ ਸਪੋਰਟਸ ਕੰਪਲੈਕਸ-ਕਮ-ਇੰਡੋਰ ਸਟੇਡੀਅਮ ਹੈ। ਵਿਦਿਆਰਥਣਾਂ ਅਤੇ ਸਟਾਫ਼ ਨੂੰ ਰਿਹਾਇਸ਼ ਸਹੂਲਤਾਂ ਪ੍ਰਦਾਨ ਕਰਨ ਲਈ ਕੈਂਪਸ ਦੇ ਅੰਦਰ ਹੋਸਟਲ ਦੀ ਸੁਵਿਧਾ ਹੈ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੀਆਂ ਅਕਾਦਮਿਕ ਲੋੜਾਂ ਨੂੰ ਪੂਰਾ ਕਰਨ ਲਈ ਈ-ਲਾਇਬ੍ਰੇਰੀ ਅਤੇ ਅਧਿਆਤਮ ਲਾਇਬ੍ਰੇਰੀ ਸਥਾਪਿਤ ਹੈ। ਸੰਸਥਾ ਵਿੱਚ ਐੱਨ.ਸੀ.ਸੀ. (ਆਰਮੀ ਵਿੰਗ) ਦੀਆਂ ਦੋ ਯੂਨਿਟ ਹਨ ਅਤੇ ਐੱਨ.ਐੱਸ.ਐੱਸ. ਦੀਆਂ ਪੰਜ ਇਕਾਈਆਂ ਹਨ।

ਆਧੁਨਿਕ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਇਹ ਸੰਸਥਾ ਵਿਦਿਆਰਥੀਆਂ ਨੂੰ ਹੁਨਰ, ਸਵੈ-ਰੁਜ਼ਗਾਰ ਅਤੇ ਸਰਕਾਰੀ ਨੌਕਰੀਆਂ ਲਈ ਤਿਆਰ ਕਰਨ ਲਈ ਸਕਿੱਲ ਹੱਬ ਵਜੋਂ ਕਾਰਜਸ਼ੀਲ ਹੈ। ਭਾਰਤ ਸਰਕਾਰ ਵੱਲੋਂ ਵੀ ਇਸ ਸੰਸਥਾ ਨੂੰ ਸਕਿੱਲ ਹੱਬ ਦਾ ਦਰਜਾ ਮਿਲਿਆ ਹੈ। ਸੰਸਥਾ ਵਿਖੇ ਪੰਜ ਡਿਗਰੀ ਕਿੱਤਾਮੁਖੀ ਕੋਰਸ, ਕਮਿਊਨਿਟੀ ਕਾਲਜ ਪ੍ਰੋਗਰਾਮ ਅਤੇ ਇੰਕਿਊਬੇਸ਼ਨ ਸੈਂਟਰ ਸਥਾਪਿਤ ਹਨ, ਜਿਨ੍ਹਾਂ ਰਾਹੀਂ ਲੱਗਭੱਗ 1300 ਤੋਂ ਵੱਧ ਵਿਦਿਆਰਥੀ ਟ੍ਰੇਨਿੰਗ ਲੈ ਚੁੱਕੇ ਹਨ। ਜਿਨ੍ਹਾਂ ਵਿੱਚੋਂ 100 ਤੋਂ ਵੱਧ ਵਿਦਿਆਰਥੀ ਆਪਣਾ ਸਟਾਅਟ-ਅੱਪ ਸ਼ੁਰੂ ਕਰ ਚੁੱਕੇ ਹਨ ਅਤੇ ਇਨ੍ਹਾਂ ਪ੍ਰੋਗਰਾਮਾਂ ਸਦਕਾ ਵੱਖ-ਵੱਖ ਖੇਤਰਾਂ ਵਿੱਚ ਨੌਕਰੀਆਂ ਪ੍ਰਾਪਤ ਕਰ ਰਹੇ ਹਨ। ਕਾਲਜ ਨੇ ਭਾਈ ਗੁਰਦਾਸ ਜੀ ਕੋਚਿੰਗ ਕੇਂਦਰ ਦੀ ਸਥਾਪਨਾ ਕਰਦੇ ਹੋਏ ਪੰਜਾਬ ਦੀਆਂ ਇਸ ਖੇਤਰ ਨਾਲ ਸੰਬੰਧਿਤ ਨਾਮਵਰ ਸੰਸਥਾਵਾਂ ਨਾਲ ਐੱਮ.ਓ.ਯੂ. ਕੀਤੇ ਹਨ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਬਜਾਜ ਫਿਨਸਰਵ, ਨੰਦੀ ਫਾਊਂਡੇਸ਼ਨ, ਮਹਿੰਦਰਾ ਅਤੇ ਮਹਿੰਦਰਾ ਗਰੁੱਪ ਦੇ ਸਹਿਯੋਗ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਸ਼ੁਰੂ ਕਰਵਾਈ ਗਈ ਹੈ। ਪਿਛਲੇ ਵਰ੍ਹੇ ਕੈਂਬ੍ਰਿਜ ਯੂਨੀਵਰਸਿਟੀ ਯੂ.ਕੇ. ਵੱਲੋਂ ਅੱਪਸਕਿੱਲ ਟੈਸਟ ਲਿਆ ਗਿਆ ਹੈ। ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸੰਸਥਾ ਨੇ ਪ੍ਰਮੁੱਖ ਉਦਯੋਗਾਂ, ਖੋਜ ਸੰਸਥਾਵਾਂ ਅਤੇ ਵੱਖ-ਵੱਖ ਯੂਨੀਵਰਸਿਟੀਆਂ ਨਾਲ ਕਈ ਸਮਝੌਤਿਆਂ (ਐੱਮ.ਓ.ਯੂ.) 'ਤੇ ਦਸਤਖਤ ਕੀਤੇ ਹਨ।

ਇਹ ਸੰਸਥਾ ਰਾਸ਼ਟਰੀ ਮੁਲਾਂਕਣ ਮਾਨਤਾ ਕੌਂਸਲ (ਨੈਕ) ਵੱਲੋਂ ਦੂਜੇ ਸਾਈਕਲ ਵਿੱਚ 'ਏ ++' ਗਰੇਡ ਪ੍ਰਮਾਣਿਤ, ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਵੱਲੋਂ 2f ਅਤੇ 12B ਸਟੇਟਸ ਪ੍ਰਾਪਤ, ਪੰਜਾਬ ਸਰਕਾਰ ਤੋਂ 95% ਸਹਾਇਤਾ ਪ੍ਰਾਪਤ, ਬੀ.ਸੀ.ਏ., ਐੱਮ.ਸੀ.ਏ. ਅਤੇ ਬੀ.ਬੀ.ਏ. ਕੋਰਸ ਏ.ਆਈ.ਸੀ.ਟੀ.ਈ. ਵੱਲੋਂ ਮਾਨਤਾ ਪ੍ਰਾਪਤ, ਭਾਰਤ ਸਰਕਾਰ ਦੇ ਬਾਇਓ-ਤਕਨਾਲੋਜੀ ਵਿਭਾਗ (ਡੀ.ਬੀ.ਟੀ.) ਦੁਆਰਾ 'ਸਟਾਰ ਕਾਲਜ ਸਕੀਮ' ਪ੍ਰਾਪਤ, ਭਾਰਤ ਸਰਕਾਰ ਵੱਲੋਂ 'ਰਾਸ਼ਟਰੀ ਕੌਸ਼ਲ ਵਿਕਾਸ (ਸਕਿੱਲ ਡਿਵੈੱਲਪਮੈਂਟ) ਸਕੀਮ ਅਧੀਨ ਸਕਿੱਲ ਹੱਬ ਦਾ ਦਰਜਾ ਪ੍ਰਾਪਤ ਹੋਇਆ ਹੈ ਅਤੇ ਫੂਡ ਸੇਫ਼ਟੀ ਅਤੇ ਸਟੈਂਡਰਡ ਅਥਾਰਟੀ ਆਫ਼ ਇੰਡੀਆ ਵੱਲੋਂ 'ਈਟ ਰਾਈਟਸ ਕੈਂਪਸ' ਵਿੱਚ ਉੱਤਮਤਾ ਦਾ ਦਰਜਾ ਪ੍ਰਾਪਤ ਕੀਤਾ ਹੈ।

ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਵਿੱਦਿਆ ਸਕੱਤਰ ਇੰਜ. ਸ. ਸੁਖਮਿੰਦਰ ਸਿੰਘ ਅਤੇ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਦੀ ਯੋਗ ਅਗਵਾਈ ਸਦਕਾ ਸੰਸਥਾ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਹੈ। ਸੰਸਥਾ ਦੇ ਵਿਦਿਆਰਥੀ ਅਕਾਦਮਿਕ ਖੇਤਰ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੇ ਹਨ। ਪਿਛਲੇ ਵਰ੍ਹੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੀ ਮੈਰਿਟ ਸੂਚੀ ਵਿੱਚ 26 ਵਿਦਿਆਰਥੀਆਂ ਨੇ ਸਥਾਨ ਹਾਸਲ ਕੀਤਾ ਹੈ। ਸੰਸਥਾ ਨੇ ਪਿਛਲੇ ਵਰ੍ਹੇ ਅੰਤਰ-ਕਾਲਜ, ਅੰਤਰ-ਵਰਸਿਟੀ, ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸੋਨੇ, ਚਾਂਦੀ ਅਤੇ ਕਾਂਸੀ ਦੇ ਤਮਗੇ ਪ੍ਰਾਪਤ ਕੀਤੇ ਹਨ। ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਲਗਾਤਾਰ ਦਸਵੀਂ ਵਾਰ ਓਵਰਆਲ ਜੇਤੂ ਰਹੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿੱਚ ਦੂਜੀ ਵਾਰ ਇਸ ਵਰ੍ਹੇ ਇਸ ਸੰਸਥਾ ਨੇ ਛੇ ਦੀਆਂ ਛੇ ਓਵਰਆਲ ਟਰਾਫ਼ੀਆਂ ਜਿੱਤੀਆਂ, ਅੰਤਰ-ਖੇਤਰੀ ਯੁਵਕ ਮੇਲੇ ਵਿੱਚ ਕੋਮਲ ਕਲਾਵਾਂ ਵਿੱਚੋਂ ਓਵਰਆਲ ਟਰਾਫ਼ੀ ਜਿੱਤੀ ਅਤੇ ਓਵਰਆਲ ਸੈਕਿੰਡ ਰਨਰਅੱਪ ਦੀ ਟਰਾਫ਼ੀ ਵੀ ਇਸ ਸੰਸਥਾ ਦੁਆਰਾ ਜਿੱਤੀ ਗਈ। ਨਾਰਥ ਜੋਨ ਵਿੱਚ ਪੰਜਾਬੀ ਯੂਨੀਵਰਸਿਟੀ ਦੀਆਂ ਟੀਮਾਂ ਵਿੱਚ ਪ੍ਰਤੀਨਿਧਤਾ ਕਰਦਿਆਂ ਨੈਸ਼ਨਲ ਯੁਵਕ ਮੇਲੇ ਤੱਕ ਸੰਸਥਾ ਦੇ ਵਿਦਿਆਰਥੀਆਂ ਨੇ ਸੰਸਥਾ ਦਾ ਨਾਮ ਰੋਸ਼ਨ ਕੀਤਾ।

# ਮਾਟੋ

## ਦ੍ਰਿੜਤਾ ਨਾਲ ਸਿੱਖੋ, ਸਨਮਾਨ ਸਹਿਤ ਜੀਓ।

**"Learning with Perseverance; Rising with Honour."**

# ਮਨੋਰਥ

## ਗਿਆਨ ਦੁਆਰਾ ਮਾਨਵੀ ਚੇਤਨਾ ਦਾ ਪਾਸਾਰ ਅਤੇ ਸਮਾਜ ਨਿਰਮਾਣ

**"Enlightening Human Minds and Social Empowerment through Education."**

# ਟੀਚਾ

**ਸਿੱਖਿਆ ਦੇ ਮਾਧਿਅਮ ਰਾਹੀਂ ਨੌਜਵਾਨ ਵਰਗ ਦਾ ਸਰਵਪੱਖੀ ਵਿਕਾਸ ਕਰਨਾ, ਤਾਂ ਜੋ ਉਹ ਸਮਾਜ ਦੀ ਤਰੱਕੀ ਵਿੱਚ ਉਸਾਰੂ ਭੂਮਿਕਾ ਨਿਭਾਉਣ ਦੇ ਯੋਗ ਹੋ ਸਕਣ।**

**"Transforming the youth into a productive asset of society through value based quality education focusing on their all-round development in order to enable them to contribute in the progress of society with their utmost potential"**

# ਕਾਲਜ ਵਿਖੇ ਚੱਲ ਰਹੇ ਅਕਾਦਮਿਕ ਕੋਰਸ



## ਕਾਲਜ ਵਿੱਚ ਚੱਲ ਰਹੇ ਕੋਰਸ

### 10+2 (ਬਾਰ੍ਹਵੀਂ) ਤੋਂ ਬਾਅਦ ਡਿਗਰੀ ਕੋਰਸ

- ਬੀ.ਸੀ.ਏ.*
- ਬੀ.ਬੀ.ਏ.*
- ਬੀ.ਕਾਮ.
- ਬੀ.ਕਾਮ. (ਆਨਰਜ਼)
- ਬੀ.ਐੱਸਸੀ. (ਮੈਡੀਕਲ)
- ਬੀ.ਐੱਸਸੀ. (ਨਾਨ-ਮੈਡੀਕਲ)
- ਬੀ.ਏ. (17 ਚੋਣਵੇਂ ਵਿਸ਼ੇ)

### 10+2 (ਬਾਰ੍ਹਵੀਂ) ਤੋਂ ਬਾਅਦ ਕਿੱਤਾ-ਮੁਖੀ ਕੋਰਸ

- ਬੀ.ਵਾਕ. ਸਾਈਬਰ ਸਕਿਓਰਿਟੀ
- ਬੀ.ਵਾਕ. ਸਾਫ਼ਟਵੇਅਰ ਡਿਵੈੱਲਪਮੈਂਟ
- ਬੀ.ਵਾਕ. ਗਾਰਮੈਂਟ ਡਿਜ਼ਾਇਨਿੰਗ
- ਬੀ.ਵਾਕ. ਫੈਸ਼ਨ ਤਕਨਾਲੋਜੀ
- ਬੀ.ਵਾਕ. ਫ਼ੂਡ ਪ੍ਰੋਸੈਸਿੰਗ

### ਪੋਸਟ-ਗ੍ਰੈਜੂਏਟ ਡਿਗਰੀ ਅਤੇ ਡਿਪਲੋਮਾ ਕੋਰਸ

- ਐੱਮ.ਏ. ਪੰਜਾਬੀ
- ਐੱਮ.ਏ. ਅੰਗਰੇਜ਼ੀ
- ਐੱਮ.ਏ. ਹਿੰਦੀ
- ਐੱਮ.ਏ. ਇਤਿਹਾਸ
- ਐੱਮ.ਏ. ਰਾਜਨੀਤੀ ਸ਼ਾਸਤਰ
- ਐੱਮ.ਏ. ਸੰਗੀਤ ਗਾਇਨ
- ਐੱਮ.ਸੀ.ਏ.*
- ਐੱਮ.ਐੱਸਸੀ. (ਆਈ.ਟੀ.)
- ਐੱਮ.ਐੱਸਸੀ. (ਆਈ.ਟੀ.) ਲੇਟਰਲ ਐਂਟਰੀ
- ਐੱਮ.ਕਾਮ.
- ਐੱਮ.ਐੱਸਸੀ. ਗਣਿਤ
- ਐੱਮ.ਐੱਸਸੀ. ਫੈਸ਼ਨ ਤਕਨਾਲੋਜੀ
- ਐੱਮ.ਐੱਸਸੀ. ਭੌਤਿਕ ਵਿਗਿਆਨ (ਫਿਜ਼ਿਕਸ)
- ਐੱਮ.ਐੱਸਸੀ. ਰਸਾਇਣ ਵਿਗਿਆਨ (ਕੈਮਿਸਟਰੀ)
- ਬੀ.ਲਿਬ.
- ਐੱਮ.ਲਿਬ.
- ਪੀ.ਜੀ.ਡੀ.ਸੀ.ਏ.

*(ਏ.ਆਈ.ਸੀ.ਟੀ.ਈ., ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ)

### ਕਮਿਊਨਿਟੀ ਕਾਲਜ ਅਧੀਨ ਚੱਲ ਰਹੇ ਸਰਟੀਫਿਕੇਟ/ਡਿਪਲੋਮਾ ਕੋਰਸ

- ਗਾਰਮੈਂਟ ਡਿਜ਼ਾਇਨਿੰਗ
- ਗਰੀਨ ਹਾਊਸ ਤਕਨਾਲੋਜੀ
- ਫਾਰਮ ਮਸ਼ੀਨਰੀ ਅਕਿਊਪਮੈਂਟ ਓਪਰੇਸ਼ਨ ਐਂਡ ਮੈਂਟੇਨਸ

### ਗੁਰੂ ਨਾਨਕ ਕਾਲਜੀਏਟ ਸੈਕੰਡਰੀ ਸਕੂਲ, ਬੁਢਲਾਡਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਤੋਂ ਮਾਨਤਾ ਪ੍ਰਾਪਤ

**10+1 ਅਤੇ 10+2 (ਮਾਧਿਅਮ: ਪੰਜਾਬੀ, ਹਿੰਦੀ, ਅੰਗਰੇਜ਼ੀ)**

- ਆਰਟਸ
- ਕਾਮਰਸ
- ਮੈਡੀਕਲ
- ਨਾਨ-ਮੈਡੀਕਲ

### ਸੈਸ਼ਨ 2025-26 ਦੌਰਾਨ ਸ਼ੁਰੂ ਹੋਣ ਵਾਲੇ ਨਵੇਂ ਪ੍ਰਸਤਾਵਿਤ ਕੋਰਸ

#### ਪੋਸਟ-ਗ੍ਰੈਜੂਏਟ, ਅੰਡਰ-ਗ੍ਰੈਜੂਏਟ ਅਤੇ ਡਿਪਲੋਮਾ ਕੋਰਸ

- ਐੱਮ.ਏ - ਫਾਈਨ ਆਰਟਸ
- ਐੱਮ. ਵਾਕ - ਫ਼ੂਡ ਪ੍ਰੋਸੈਸਿੰਗ
- ਬੀ.ਵਾਕ - ਹੋਸਪਿਟੈਲਟੀ ਐਂਡ ਟੂਰਇਜ਼ਮ ਮੈਨੇਜਮੈਂਟ
- ਬੀ.ਵਾਕ - ਡਾਟਾ ਸਾਇੰਸ ਐਂਡ ਏ. ਆਈ.
- ਬੀ.ਏ. - ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ
- ਬੀ.ਵਾਕ - ਮਿਊਜ਼ਿਕ ਐਂਡ ਸਾਊਂਡ ਪ੍ਰੋਡਕਸ਼ਨ
- ਬੀ.ਐੱਸਸੀ. - ਮੈਡੀਕਲ ਲੈਬ ਤਕਨਾਲੋਜੀ
- ਐਂਡਵਾਂਸਡ ਡਿਪਲੋਮਾ ਇਨ ਲਾਇਬ੍ਰੇਰੀ ਆਟੋਮੇਸ਼ਨ ਐਂਡ ਨੈੱਟਵਰਕਿੰਗ

www.gncbudhlada.org

gnc_official01 budhladagurunanakcollege

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:

https://gncbudhlada.org/departments





| ਤਤਕਰਾ | ਪੰਨਾ ਨੰਬਰ |
|---|---|
| ◈ ਅਤਿ-ਆਧੁਨਿਕ ਸਹੂਲਤਾਂ | 1 – 3 |
| ◈ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ | 4 |
| ◈ ਪੋਸਟ-ਗ੍ਰੈਜੂਏਟ ਅੰਗਰੇਜ਼ੀ ਵਿਭਾਗ | 5 |
| ◈ ਪੋਸਟ-ਗ੍ਰੈਜੂਏਟ ਹਿੰਦੀ ਵਿਭਾਗ | 6 |
| ◈ ਪੋਸਟ-ਗ੍ਰੈਜੂਏਟ ਸੰਗੀਤ ਗਾਇਨ ਵਿਭਾਗ | 7 |
| ◈ ਪੋਸਟ-ਗ੍ਰੈਜੂਏਟ ਇਤਿਹਾਸ ਵਿਭਾਗ | 8 |
| ◈ ਪੋਸਟ-ਗ੍ਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ | 9 |
| ◈ ਪੋਸਟ-ਗ੍ਰੈਜੂਏਟ ਸਾਇੰਸ ਵਿਭਾਗ | 10 |
| ◈ ਪੋਸਟ-ਗ੍ਰੈਜੂਏਟ ਗਣਿਤ ਵਿਭਾਗ | 11 |
| ◈ ਪੋਸਟ-ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ | 12 – 13 |
| ◈ ਪੋਸਟ-ਗ੍ਰੈਜੂਏਟ ਕਾਮਰਸ ਅਤੇ ਮੈਨੇਜਮੈਂਟ ਵਿਭਾਗ | 14 |
| ◈ ਫੂਡ ਪ੍ਰੋਸੈਸਿੰਗ ਵਿਭਾਗ | 15 |
| ◈ ਫੈਸ਼ਨ ਤਕਨਾਲੋਜੀ ਅਤੇ ਹੋਮ ਸਾਇੰਸ ਵਿਭਾਗ | 16 |
| ◈ ਪੋਸਟ-ਗ੍ਰੈਜੂਏਟ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ | 17 |
| ◈ ਬੀ.ਏ. | 18 |
| ◈ ਕਾਲਜ ਨਿਯਮ ਅਤੇ ਹੋਰ ਜਾਣਕਾਰੀ | 19 – 21 |
| ◈ ਲਾਇਬ੍ਰੇਰੀ ਦੇ ਨਿਯਮ | 22 |
| ◈ ਮਹੱਤਵਪੂਰਨ ਸੈੱਲ | 23 – 25 |
| ◈ ਯੁਵਕ ਭਲਾਈ ਵਿਭਾਗ ਅਤੇ ਖੇਡ ਵਿਭਾਗ ਦੀਆਂ ਉਪਲੱਬਧੀਆਂ | 26 |
| ◈ ਸੱਤਰੰਗ 2025 | 27 |
| ◈ ਕਾਲਜ ਗਤੀਵਿਧੀਆਂ ਖ਼ਬਰਾਂ ਦੀ ਜ਼ੁਬਾਨੀ | 28 |
| ◈ ਵਿਭਾਗੀ ਗਤੀਵਿਧੀਆਂ ਖ਼ਬਰਾਂ ਦੀ ਜ਼ੁਬਾਨੀ | 29 |
| ◈ ਮਹੱਤਵਪੂਰਨ ਸੰਪਰਕ ਨੰਬਰ | 30 |

# ਅਤਿ-ਆਧੁਨਿਕ ਸਹੂਲਤਾਂ







### ਕੰਪਿਊਟਰ ਵਿਭਾਗ ਪ੍ਰਯੋਗਸ਼ਾਲਾਵਾਂ

ਵਿਭਾਗ ਵਿੱਚ ਅੰਡਰ-ਗ੍ਰੈਜੁਏਟ ਕੋਰਸ ਅਤੇ ਪੋਸਟ-ਗ੍ਰੈਜੁਏਟ ਕੋਰਸ ਤੋਂ ਇਲਾਵਾ ਸਰਟੀਫ਼ਿਕੇਟ ਕੋਰਸ ਵੀ ਕਾਰਜਸ਼ੀਲ ਹਨ। ਇਸ ਉਦੇਸ਼ ਦੀ ਪੂਰਤੀ ਲਈ ਵਿਭਾਗ ਵਿੱਚ ਛੇ ਅਤਿ-ਆਧੁਨਿਕ ਕੰਪਿਊਟਰ ਪ੍ਰੋਯਗਸ਼ਾਲਾਵਾਂ (ਸਾਇਬਰ ਸਕਿਊਰਿਟੀ, ਪ੍ਰੋਗਰਾਮਿੰਗ, ਵੈੱਬ ਡਿਜ਼ਾਇਨਿੰਗ ਆਦਿ ਲਈ) ਸਥਾਪਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਪਾਠਕ੍ਰਮ ਆਧਾਰਿਤ ਲਾਈਵ ਪ੍ਰੋਜੈਕਟ ਕਰਵਾਏ ਜਾਂਦੇ ਹਨ। ਵਿਭਾਗ ਵਿੱਚ ਵਾਈਫ਼ਾਈ ਸੇਵਾਵਾਂ ਹਿਤ ਇੱਕ ਸਰਵਰ ਰੂਮ ਵੀ ਸਥਾਪਿਤ ਕੀਤਾ ਗਿਆ ਹੈ।

### ਸਾਇੰਸ ਵਿਭਾਗ ਪ੍ਰਯੋਗਸ਼ਾਲਾਵਾਂ

ਕਾਲਜ ਵਿੱਚ ਬੀ.ਐੱਸਸੀ. (ਮੈਡੀਕਲ ਅਤੇ ਨਾਨ-ਮੈਡੀਕਲ) ਕੋਰਸ 2003 ਤੋਂ ਕਾਰਜਸ਼ੀਲ ਹੈ। ਇਸ ਸਮੇਂ ਕੈਮਿਸਟਰੀ ਅਤੇ ਫਿਜ਼ਿਕਸ ਵਿਭਾਗ ਵਿੱਚ ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ ਹਨ। ਵਿਭਾਗ ਨੂੰ ਭਾਰਤ ਸਰਕਾਰ ਵੱਲੋਂ 2019 ਵਿੱਚ ਡੀ.ਬੀ.ਟੀ. ਸਟਾਰ ਕਾਲਜ, 2024 ਵਿੱਚ ਪੀ.ਐੱਸ.ਸੀ.ਐੱਸ.ਟੀ. ਚੰਡੀਗੜ੍ਹ, ਡੀ.ਐੱਮ.ਸੀ ਅਤੇ ਐੱਨ.ਸੀ.ਐੱਸ.ਟੀ.ਸੀ. ਵੱਲੋਂ ਗ੍ਰਾਂਟਾਂ ਪ੍ਰਾਪਤ ਹੋਈਆਂ ਹਨ।









### ਖੇਤੀਬਾੜੀ ਵਿਭਾਗ ਪ੍ਰਯੋਗਸ਼ਾਲਾਵਾਂ

ਖੇਤੀਬਾੜੀ ਵਿਭਾਗ ਦੀ ਸ਼ੁਰੂਆਤ ਸਾਲ 2013 ਵਿੱਚ ਕੀਤੀ ਗਈ ਸੀ। ਵਿਭਾਗ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਵਿਭਿੰਨ ਪ੍ਰਯੋਗ ਕਰਨ ਲਈ ਖੇਤੀਬਾੜੀ ਤਕਨੀਕੀ ਸੰਦ, ਸਾਜ਼ੋ-ਸਾਮਾਨ, ਖੇਤੀ ਵਿਗਿਆਨ, ਜੈਨੇਟਿਕਸ, ਪਲਾਂਟ ਬ੍ਰੀਡਿੰਗ,ਪਲਾਂਟ ਪੈਥੋਲੋਜੀ , ਭੂਮੀ ਵਿਗਿਆਨ , ਬਾਗ਼ਬਾਨੀ, ਡੇਅਰੀ, ਖੇਤੀਬਾੜੀ ਕੀਟ-ਵਿਗਿਆਨ, ਪਲਾਂਟ ਬਾਇਓਕੈਮਿਸਟਰੀ ਅਤੇ ਕੰਪਿਊਟਰੀਕ੍ਰਿਤ ਪ੍ਰਯੋਗਸ਼ਾਲਾ ਆਦਿ ਲੋੜੀਂਦੇ ਉਪਕਰਨ ਉਪਲਬਧ ਹਨ।

### ਫੈਸ਼ਨ ਤਕਨਾਲੋਜੀ ਅਤੇ ਗ੍ਰਹਿ ਵਿਗਿਆਨ ਵਿਭਾਗ ਪ੍ਰਯੋਗਸ਼ਾਲਾਵਾਂ

ਵਿਭਾਗ ਵਿੱਚ ਬੀ. ਵਾਕ ਫੈਸ਼ਨ ਤਕਨਾਲੋਜੀ, ਬੀ. ਵਾਕ ਗਾਰਮੈਂਟ ਡਿਜ਼ਾਇਨਿੰਗ, ਫੈਸ਼ਨ ਤਕਨਾਲੋਜੀ ਅਤੇ ਹੋਮ ਸਾਇੰਸ (ਬੀ.ਏ. ਵਿੱਚ ਚੋਣਵੇਂ ਵਿਸ਼ੇ ਵਜੋਂ), ਐੱਮ.ਐੱਸਸੀ. ਫ਼ੈਸ਼ਨ ਤਕਨਾਲੋਜੀ ਅਤੇ ਸ਼ਾਰਟ ਟਰਮ ਤੇ ਵੈਲਿਊ ਐਡਿਡ ਕੋਰਸ ਕਰਵਾਏ ਜਾਂਦੇ ਹਨ। ਉਪਰੋਕਤ ਕੋਰਸਾਂ ਨਾਲ ਸੰਬੰਧਿਤ ਸਿਧਾਂਤਕ ਜਾਣਕਾਰੀ ਤੋ ਇਲਾਵਾ ਵਿਹਾਰਿਕ ਸਿੱਖਿਆ ਲਈ ਵਿਭਾਗ ਵਿੱਚ ਗਾਰਮੈਂਟ ਕੰਸਟਰਕਸ਼ਨ ਅਤੇ ਪੈਟਰਨ ਮੇਕਿੰਗ, ਟੈਕਸਟਕ ਟੈਸਟਿੰਗ, ਕੰਪਿਊਟਰ, ਗ੍ਰਹਿ ਵਿਗਿਆਨ ਅਤਿ-ਅਧੁਨਿਕ ਪ੍ਰਯੋਗਸ਼ਾਲਾਵਾਂ ਨਵੀਨਤਮ ਸਾਜ਼ੋ-ਸਮਾਨ ਨਾਲ ਸੁਸਜਿਤ ਹਨ।









### ਫੂਡ ਪ੍ਰੋਸੈਸਿੰਗ ਪ੍ਰਯੋਗਸ਼ਾਲਾਵਾਂ

ਵਿਭਾਗ ਵਿੱਚ ਆਧੁਨਿਕ ਅਤੇ ਚੰਗੀ ਤਰ੍ਹਾਂ ਲੈਸ ਪ੍ਰਯੋਗਸ਼ਾਲਾਵਾਂ ਅਤੇ ਉਪਕਰਨ ਹਨ। ਵਿਦਿਆਰਥੀਆਂ ਨੂੰ ਮਾਹਿਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਵਿਭਾਗ ਦੁਆਰਾ ਨਿਯਮਤ ਅਧਾਰ 'ਤੇ ਉਦਯੋਗਿਕ ਦੌਰੇ, ਮਹਿਮਾਨ ਭਾਸ਼ਣ, ਕਾਨਫਰੰਸਾਂ, ਵਿਚਾਰ-ਵਟਾਂਦਰੇ, ਪੇਪਰ ਪੇਸ਼ਕਾਰੀਆਂ ਅਤੇ ਉਦਯੋਗਿਕ ਸਿਖਲਾਈ ਦਾ ਆਯੋਜਨ ਕੀਤਾ ਜਾਂਦਾ ਹੈ।

### ਅੰਗਰੇਜ਼ੀ ਭਾਸ਼ਾ ਪ੍ਰਯੋਗਸ਼ਾਲਾ

ਵਿਦਿਆਰਥੀਆਂ ਅਤੇ ਕਾਲਜ ਫ਼ੈਕਲਟੀ ਦੀਆ ਭਾਸ਼ਾਈ ਲੋੜਾਂ ਅਤੇ ਸਮੱਸਿਆਵਾਂ ਸਬੰਧੀ ਅੰਗਰੇਜ਼ੀ ਵਿਭਾਗ ਵਿੱਚ ਇੱਕ ਅਤਿ-ਆਧੁਨਿਕ ਭਾਸ਼ਾ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਗਈ ਹੈ। ਇਸ ਪ੍ਰਯੋਗਸ਼ਾਲਾ ਦੀ ਵਰਤੋਂ ਪੇਂਡੂ ਵਿਦਿਆਰਥੀਆਂ ਵਿੱਚ ਸੰਚਾਰ ਹੁਨਰ ਵਿੱਚ ਵਾਧਾ ਕਰਨ ਲਈ ਕੀਤੀ ਜਾਂਦੀ ਹੈ, ਜੋ ਵਿਦਿਆਰਥੀਆਂ ਨੂੰ ਅੱਜ ਦੇ ਵਿਸ਼ਵੀਕਰਨ ਵਾਲੇ ਯੁਗ ਵਿੱਚ ਅੰਗਰੇਜ਼ੀ ਭਾਸ਼ਾਂ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਕੇ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਤਮਤਾ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਸਕੇ। ਆਡੀਓ-ਵਿਜ਼ੂਅਲ (ਸੁਨਨ-ਦੇਖਣ) ਨੈੱਟਵਰਕ ਰਾਹੀ ਹਰੇਕ ਵਿਦਿਆਰਥੀ ਨੂੰ ਵੱਖਰੇ ਤੌਰ ਤੇ ਸੰਪਰਕ ਕਰਨ ਦੇ ਯੋਗ ਬਣਾਉਂਦੀ ਹੈ ਅਤੇ ਤੁਰੰਤ ਸਮੇਂ ਬੋਲੀ ਜਾਣ ਵਾਲੀ ਭਾਸ਼ਾ ਦੇ ਚੰਗੇ ਮਿਆਰ ਅਤੇ ਗੁਣਵੱਤਾ ਦੇ ਉਚਾਰਨ ਨੂੰ ਪ੍ਰਾਪਤ ਕਰਨ ਲਈ ਮਾਰਗ ਦਰਸ਼ਨ ਕਰਦੀ ਹੈ।










### ਇਤਿਹਾਸ ਵਿਭਾਗ ਮਿਊਜ਼ੀਅਮ

ਇਤਿਹਾਸ ਵਿਭਾਗ ਵੱਲੋਂ ਵਿਦਿਆਰਥੀਆਂ ਵਿਚ ਪੜ੍ਹਨ ਲਈ ਉਤਸ਼ਾਹਿਤ ਭਾਵਨਾ ਤੇ ਰੁਚੀ ਨੂੰ ਵਿਵਹਾਰਕ ਰੂਪ ਵਿਚ ਪੈਦਾ ਕਰਨ ਲਈ ' ਦਇਆ ਰਾਮ ਸਾਹਨੀ' ਤੇ ' ਦਰਬਾਰ-ਏ-ਖਾਲਸਾ ਅਜਾਇਬ ਘਰ ' ਮਿਊਜ਼ੀਅਮ ਦੇ ਰੂਪ ਵਿਚ ਸਥਾਪਿਤ ਕੀਤੇ ਗਏ ਹਨ। ਵਿਦਿਆਰਥੀਆ ਨੂੰ ਇਤਿਹਾਸਿਕ ਵਸਤੂਆਂ ਅਤੇ ਵਿਰਾਸਤ ਨਾਲ ਜਾਣੂ ਹੋਣ ਦਾ ਮੌਕਾ ਮਿਲਦਾ ਹੈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਿਭਾਗ ਵਿੱਚ ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਤੀਕਿਰਿਆ ਨੂੰ ਬਿਹਤਰ ਬਣਾਉਣ ਲਈ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਗਤੀਵਿਧੀਆਂ ਦਾ ਮੁੱਖ ਮਕਸਦ ਵਿਦਿਆਰਥੀਆਂ ਦੀ ਸ਼ਖਸੀਅਤ ਨੂੰ ਨਿਖਾਰਨਾ ਤੇ ਉਸਾਰਨਾ ਹੈ।

### ਬੰਦਾ ਸਿੰਘ ਬਹਾਦਰ ਮਲਟੀਪਰਪਜ਼ ਕੰਪਲੈਕਸ

ਸੰਸਥਾ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ । ਇਸ ਉਦੇਸ਼ ਦੀ ਪੂਰਤੀ ਹਿੱਤ ਕਾਲਜ ਕੈਂਪਸ ਵਿੱਚ ਬੰਦਾ ਸਿੰਘ ਬਹਾਦਰ ਮਲਟੀਪਰਪਜ਼ ਕੰਪਲੈਕਸ ਦੀ ਵਿਵਸਥਾ ਕੀਤੀ ਗਈ ਹੈ, ਜੋ ਇੰਡੋਰ ਖੇਡਾਂ (ਟੇਬਲ ਟੈਨਿਸ, ਬੈਡਮਿੰਟਨ, ਬਾਸਕਿਟਬਾਲ ਅਤੇ ਗੱਤਕਾ ਆਦਿ) ਸਭਿਆਚਾਰਕ ਪ੍ਰੋਗਰਾਮ, ਸੈਮੀਨਾਰ, ਅਤੇ ਕਾਨਫਰੰਸ ਆਦਿ ਗਤੀਵਿਧੀਆਂ ਕਰਵਾਉਣ ਦੇ ਸਮਰੱਥ ਹੈ । ਇਸ ਮਲਟੀਪਰਪਜ਼ ਕੰਪਲੈਕਸ ਨੂੰ ਪੂਰੀ ਤਰ੍ਹਾਂ ਸਾਊਂਡ ਪਰੂਫ਼ ਕੀਤਾ ਗਿਆ ਹੈ।









### ਜਿੰਮਨੇਜ਼ੀਅਮ

ਸਟਾਫ਼ ਅਤੇ ਵਿਦਿਆਰਥੀਆਂ ਦੀ ਸਿਹਤਯਾਬੀ ਪ੍ਰਤੀ ਗਤੀਵਿਧੀਆਂ ਨੂੰ ਪ੍ਰੋਤਸਾਹਿਤ ਕਰਨ ਸਬੰਧੀ ਕੈਂਪਸ ਵਿੱਚ 16 ਸਟੇਸ਼ਨ ਜਿੰਮ ਦੀ ਵਿਵਸਥਾ ਕੀਤੀ ਗਈ ਹੈ, ਜਿਸ ਵਿੱਚ ਡੰਬਲ, ਫਿੱਟਨੈੱਸ ਬਾਈਸਾਇਕਲ, ਟਰੈੱਡਮਿੱਲ, ਕਰੌਸ ਟਰੇਨਰ ਅਤੇ ਵੇਟ ਰਾਡਜ਼ ਆਦਿ ਸਾਜ਼ੋ-ਸਾਮਾਨ ਉਪਲੱਬਧ ਹੈ। ਇਸ ਜਿੰਮ ਦਾ ਉਦੇਸ਼ ਸੰਸਥਾ ਦੇ ਵਿਦਿਆਰਥੀਆਂ ਨੂੰ ਤੰਦਰੁਸਤ ਬਣਾਉਣ ਤੋਂ ਇਲਾਵਾ ਨਸ਼ਿਆਂ ਤੋਂ ਦੂਰ ਰੱਖਣਾ ਹੈ ।

# ਅਤਿ-ਆਧੁਨਿਕ ਸਹੂਲਤਾਂ





## ਖੇਡ ਮੈਦਾਨ

ਵਿਦਿਆਰਥੀਆਂ ਦੇ ਬੌਧਿਕ ਵਿਕਾਸ ਤੋਂ ਇਲਾਵਾ ਸਰੀਰਕ ਵਿਕਾਸ ਲਈ ਕਾਲਜ ਕੈਂਪਸ ਵਿੱਚ 200 ਮੀਟਰ ਟਰੈਕ ਵਾਲੇ ਗਰਾਊਂਡ ਦੀ ਵਿਵਸਥਾ ਕੀਤੀ ਗਈ ਹੈ। ਇਸ ਖੇਡ ਦੇ ਮੈਦਾਨ ਵਿੱਚ ਆਪਣੇ ਰੁਝੇਵੇਂ ਭਰੇ ਅਕਾਦਮਿਕ ਜੀਵਨ ਨੂੰ ਸੰਤੁਲਿਤ ਕਰਨ ਲਈ ਵਿਦਿਆਰਥੀ ਸਰੀਰਕ ਗਤੀਵਿਧੀਆਂ ਜਿਸ ਵਿੱਚ ਵਾਲੀਬਾਲ, ਕਬੱਡੀ, ਖੋ-ਖੋ, ਰੱਸਾਕਸੀ ਆਦਿ ਖੇਡਾਂ ਵਿੱਚ ਉਹ ਆਪਣੇ ਦੋਸਤਾਂ ਨਾਲ ਸ਼ਾਮਲ ਹੁੰਦੇ ਹਨ।

## ਸਮਾਰਟ ਕਲਾਸ ਰੂਮ

ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੀ ਵਿਸ਼ਵਪੱਧਰੀ ਤਕਨੀਕ ਅਤੇ ਸਿੱਖਿਆ ਦੇ ਹਾਣੀ ਬਣਾਉਣ ਹਿੱਤ ਹਰੇਕ ਵਿਭਾਗ ਵਿੱਚ ਸਮਾਰਟ ਕਲਾਸ ਰੂਮ ਦੀ ਸਹੂਲਤ ਉਪਲੱਬਧ ਹੈ। ਇਹ ਸਮਾਰਟ ਕਲਾਸ ਰੂਮ ਮੁਫ਼ਤ ਵਾਈ-ਫ਼ਾਈ ਅਤੇ ਪ੍ਰੋਜੈਕਟਰ ਆਦਿ ਆਈ.ਸੀ.ਟੀ. ਨਾਲ ਸਬੰਧਿਤ ਅਤਿ-ਆਧੁਨਿਕ ਸਹੂਲਤਾਂ ਨਾਲ ਸੁਸਜਿੱਤ ਹਨ। ਉਪਰੋਕਤ ਐਡਵਾਂਸ ਤਕਨਾਲੋਜੀ ਯੁਕਤ ਸਾਧਨਾਂ ਰਾਹੀਂ ਪ੍ਰੋਫ਼ੈਸਰ ਸਾਹਿਬਾਨ ਆਪਣੀਆਂ ਟੀਚਿੰਗ ਸਕਿੱਲਜ ਨੂੰ ਪ੍ਰਭਾਵੀ ਅਤੇ ਗਿਆਨਾਤਮਕ ਬਣਾਉਣ ਦੇ ਸਮਰੱਥ ਹਨ।




## ਭਾਈ ਮਨੀ ਸਿੰਘ ਸੈਮੀਨਾਰ ਹਾਲ

ਸਟਾਫ਼ ਅਤੇ ਵਿਦਿਆਰਥੀਆਂ ਦੀਆ ਖੋਜ ਪ੍ਰਵਿਰਤੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਕੈਂਪਸ ਦੇ ਭਾਈ ਨੰਦ ਲਾਲ ਬਲਾਕ ਵਿੱਚ 200 ਦੇ ਕਰੀਬ ਵਿਦਿਆਰਥੀਆਂ ਲਈ ਭਾਈ ਮਨੀ ਸਿੰਘ ਸੈਮੀਨਾਰ ਹਾਲ ਦੀ ਵਿਵਸਥਾ ਕੀਤੀ ਗਈ ਹੈ ਜੋ ਕਿ ਸੈਮੀਨਾਰ, ਵਰਕਸ਼ਾਪ, ਕਾਨਫ਼ਰੰਸ ਆਦਿ ਅਕਾਦਮਿਕ ਲੋੜਾਂ ਦੇ ਮੱਦੇਨਜ਼ਰ ਅਤਿ-ਆਧੁਨਿਕ ਈ-ਰਿਸੋਰਸਜ ਨਾਲ ਸੁਸਜਿੱਤ ਹੈ। ਇਹ ਸੈਮੀਨਾਰ ਹਾਲ ਪੂਰੀ ਤਰ੍ਹਾਂ ਸਾਊਂਡ ਪਰੂਫ਼ ਅਤੇ ਏਅਰ-ਕੰਡੀਸ਼ਨਡ ਹੈ।

## ਕੰਟੀਨ ਅਤੇ ਕੈਫ਼ੇ

ਸਟਾਫ਼, ਲੜਕੀਆਂ ਅਤੇ ਲੜਕਿਆਂ ਦੀ ਸਿਹਤ ਦੇ ਮੱਦੇਨਜ਼ਰ ਕਾਲਜ ਕੈਂਪਸ ਵਿੱਚ ਸਾਫ਼-ਸੁਥਰੀ ਕੰਟੀਨ ਅਤੇ ਕੈਫ਼ੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕੰਟੀਨ ਨੂੰ ਭਾਰਤ ਸਰਕਾਰ ਵੱਲੋਂ ਸਾਲ 2023-24 ਵਿੱਚ "ਈਟ ਰਾਈਟ ਕੈਂਪਸ" ਦਾ ਦਰਜਾ ਹਾਸਿਲ ਹੋਇਆ ਹੈ। ਭਾਰਤ ਸਰਕਾਰ ਵੱਲੋਂ ਉਕਤ ਦਰਜਾ ਕੈਂਪਸ ਦੀ ਸਾਫ਼-ਸਫ਼ਾਈ ਅਤੇ ਉੱਚਤਮ ਭੋਜਨ ਗੁਣਵੱਤਾ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ।








## ਬੇਬੇ ਨਾਨਕੀ ਗਰਲਜ਼ ਹੋਸਟਲ

ਕਾਲਜ ਕੈਂਪਸ ਵਿੱਚ ਲੜਕੀਆਂ ਲਈ ਬੇਬੇ ਨਾਨਕੀ ਗਰਲਜ਼ ਹੋਸਟਲ ਦੀ ਵਿਸ਼ੇਸ਼ ਸਹੂਲਤ ਦਾ ਪ੍ਰਬੰਧ ਕੀਤਾ ਗਿਆ ਹੈ। ਲੜਕੀਆਂ ਦੀ ਬੁਨਿਆਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸਾਫ਼-ਸੁਥਰੀ ਮੈੱਸ ਅਤੇ ਕਾਮਨ ਰੂਮ ਦੀ ਵਿਵਸਥਾ ਹੈ। ਲੜਕੀਆਂ ਦੀਆਂ ਸਿਹਤ ਸਹੂਲਤਾਂ (ਮੈਡੀਕਲ) ਅਤੇ ਸਕਿਓਰਿਟੀ ਸਬੰਧੀ ਪੁਖਤਾ ਪ੍ਰਬੰਧ ਕੀਤਾ ਗਿਆ ਹੈ।

# ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ

ਪੰਜਾਬੀ ਵਿਭਾਗ, ਕਾਲਜ ਅਤੇ ਮਾਨਸਾ ਜ਼ਿਲ੍ਹੇ ਦਾ ਪਹਿਲਾ ਪੋਸਟ-ਗ੍ਰੈਜੂਏਟ ਵਿਭਾਗ ਹੈ ਜੋ ਸੈਸ਼ਨ 2003-04 ਤੋਂ ਸ਼ੁਰੂ ਹੋਇਆ। ਵਿਭਾਗ ਦੇ ਵਿਦਿਆਰਥੀ ਸਹੀ ਅਕਾਦਮਿਕ ਸੇਧ ਸਦਕਾ ਹਮੇਸ਼ਾ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮੈਰਿਟ ਵਿਚ ਸਥਾਨ ਹਾਸਲ ਕਰਨ ਵਿਚ ਸਫ਼ਲ ਰਹੇ ਹਨ। ਵਿਭਾਗ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਕੁਰੂਕਸ਼ੇਤਰਾ ਯੂਨੀਵਰਸਿਟੀ , ਕੁਰੂਕਸ਼ੇਤਰਾ ਆਦਿ ਤੋਂ ਐੱਮ.ਫਿਲ., ਪੀਐੱਚ. ਡੀ. ਦੀਆਂ ਡਿਗਰੀਆਂ ਅਤੇ ਯੂ.ਜੀ.ਸੀ./ ਜੇ.ਆਰ.ਐੱਫ਼. ਹਾਸਲ ਕਰਕੇ ਵਿੱਦਿਅਕ ਸੰਸਥਾਵਾਂ ਵਿਚ ਅਧਿਆਪਨ ਕਾਰਜ ਕਰ ਰਹੇ ਹਨ। ਪੁਰਾਣੇ ਵਿਦਿਆਰਥੀ 'ਭਾਈ ਵੀਰ ਸਿੰਘ ਸਾਹਿਤ ਸਦਨ (ਰਜਿ.)' ਬਣਾ ਕੇ ਸਾਹਿਤਕ ਸਰਗਰਮੀਆਂ ਦੁਆਰਾ ਵਿਭਾਗ ਨਾਲ ਜੁੜੇ ਹੋਏ ਹਨ। ਵਿਦਿਆਰਥੀਆਂ ਵਿਚ ਖੋਜ-ਰੁਚੀਆਂ ਪ੍ਰਫੁੱਲਿਤ ਕਰਨ ਲਈ ਵਿਭਾਗੀ ਪੱਧਰ 'ਤੇ ਸੈਮੀਨਾਰ ਕਰਵਾਏ ਜਾਂਦੇ ਹਨ। ਵਿਭਾਗ ਕੋਲ ਆਪਣੀ ਵਿਭਾਗੀ ਲਾਇਬ੍ਰੇਰੀ ਅਤੇ ਬੁੱਕ-ਬੈਂਕ ਹੈ, ਜਿਸ ਤੋਂ ਵਿਦਿਆਰਥੀ ਭਰਪੂਰ ਲਾਹਾ ਲੈ ਸਕਦੇ ਹਨ।










| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਏ. (ਪੰਜਾਬੀ) | ਦੋ ਸਾਲ | ਗ੍ਰੈਜੂਏਸ਼ਨ 50% |

## ਫ਼ੀਸ ਵੇਰਵਾ

| ਐੱਮ.ਏ. ਭਾਗ ਪਹਿਲਾ 21000/- + ਪ੍ਰੀਖਿਆ ਫ਼ੀਸ | | ਐੱਮ.ਏ. ਭਾਗ ਦੂਜਾ 20500/- + ਪ੍ਰੀਖਿਆ ਫ਼ੀਸ | |
|---|---|---|---|
| ਪਹਿਲੀ ਕਿਸ਼ਤ : | 9000/- | ਪਹਿਲੀ ਕਿਸ਼ਤ : | 8500/- |
| ਦੂਜੀ ਕਿਸ਼ਤ : | 6300/- + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ: | 6300/- + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | 5700/- + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ : | 5700/- + ਪ੍ਰੀਖਿਆ ਫ਼ੀਸ |

**ਡਾ. ਰਾਜਨਦੀਪ ਕੌਰ**
ਮੁਖੀ
ਸੰਪਰਕ ਨੰਬਰ
98557-67477

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

# ਪੋਸਟ-ਗ੍ਰੈਜੂਏਟ ਅੰਗਰੇਜ਼ੀ ਵਿਭਾਗ

ਅੰਗਰੇਜ਼ੀ ਲਾਜ਼ਮੀ ਅਤੇ ਅੰਗਰੇਜ਼ੀ ਚੋਣਵੇਂ ਵਿਸ਼ੇ ਦੀ ਪੜ੍ਹਾਈ ਸੰਸਥਾ ਦੇ ਸ਼ੁਰੂ ਹੋਣ ਤੋਂ ਹੀ ਕਰਵਾਈ ਜਾ ਰਹੀ ਹੈ। ਇਲਾਕੇ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸੰਸਥਾ ਵੱਲੋਂ 2010 ਵਿੱਚ ਐੱਮ.ਏ. ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਵਿਭਾਗ ਵਿੱਚ ਸਮੇਂ ਦੇ ਹਾਣ ਦੀਆਂ ਅਧਿਆਪਨ ਵਿਧੀਆਂ ਰਾਹੀਂ ਪੜ੍ਹਾਉਣ ਦੇ ਨਾਲ-ਨਾਲ ਪਾਠਾਂਤਰ ਕਿਰਿਆਵਾਂ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਅੰਦਰ ਖੋਜ ਰੁਚੀ ਨੂੰ ਪ੍ਰਫੁੱਲਿਤ ਕਰਨ ਲਈ ਵਿਭਾਗ ਵੱਲੋਂ ਸੈਮੀਨਾਰ, ਵਿਦਵਾਨਾਂ ਦੇ ਵਿਸ਼ੇਸ਼ ਲੈਕਚਰ ਅਤੇ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਨਾਲ ਸਬੰਧਿਤ ਵੱਖ ਵੱਖ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਵਿਭਾਗ ਦਾ ਮਨੋਰਥ ਵਿਦਿਆਰਥੀਆਂ ਅੰਦਰ ਵਿਸ਼ੇ ਦੀ ਲਗਨ, ਭਾਸ਼ਾਈ ਕੌਸ਼ਲਤਾ ਅਤੇ ਮਾਨਵੀ ਸੰਵੇਦਨਾ ਪੈਦਾ ਕਰਕੇ ਸਿੱਖਿਆ ਦੇ ਅਸਲ ਅਰਥਾਂ ਤੋਂ ਜਾਣੂੰ ਕਰਵਾਉਣਾ ਹੈ ਤਾਂ ਜੋ ਵਿਦਿਆਰਥੀ ਭਵਿੱਖ ਦੇ ਚੰਗੇ ਨਾਗਰਿਕ ਬਣ ਕੇ ਚੰਗੇ ਰਾਸ਼ਟਰ ਦਾ ਨਿਰਮਾਣ ਕਰ ਸਕਣ। ਵਿਭਾਗ ਕੋਲ ਅਤਿ-ਆਧੁਨਿਕ ਭਾਸ਼ਾ ਪ੍ਰਯੋਗਸ਼ਾਲਾ ਅਤੇ ਵਿਭਾਗੀ ਲਾਇਬ੍ਰੇਰੀ ਹੈ। ਉੱਚ ਯੋਗਤਾ ਪ੍ਰਾਪਤ ਮਿਹਨਤੀ ਅਧਿਆਪਕ ਹਨ ਜਿਨ੍ਹਾਂ ਸਦਕਾ ਵਿਭਾਗ ਨੇ ਆਪਣੀ ਸ਼ਲਾਘਾਯੋਗ ਪਛਾਣ ਸਥਾਪਿਤ ਕੀਤੀ ਹੈ।










| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਏ. (ਅੰਗਰੇਜ਼ੀ) | ਦੋ ਸਾਲ | ਗ੍ਰੈਜੂਏਸ਼ਨ 50% |

## ਫ਼ੀਸ ਵੇਰਵਾ

| **ਐੱਮ.ਏ. ਭਾਗ ਪਹਿਲਾ 21000/-** + ਪ੍ਰੀਖਿਆ ਫ਼ੀਸ | | **ਐੱਮ.ਏ. ਭਾਗ ਦੂਜਾ 20500/-** + ਪ੍ਰੀਖਿਆ ਫ਼ੀਸ | |
|---|---|---|---|
| ਪਹਿਲੀ ਕਿਸ਼ਤ : | **9000/-** | ਪਹਿਲੀ ਕਿਸ਼ਤ : | **8500/-** |
| ਦੂਜੀ ਕਿਸ਼ਤ : | **6300/-** + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ: | **6300/-** + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | **5700/-** + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ : | **5700/-** + ਪ੍ਰੀਖਿਆ ਫ਼ੀਸ |

**ਡਾ. ਰੁਪਿੰਦਰਜੀਤ ਕੌਰ**
ਮੁਖੀ
ਸੰਪਰਕ ਨੰਬਰ
94177-29901

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

# स्नातकोत्तर हिंदी–विभाग

हिंदी विभाग, गुरु नानक कॉलेज, बुढलाडा हिंदी भाषा और साहित्य के संदर्भ में तर्कसंगत सोच, नैतिक मूल्यों और समग्र संस्कृति की ओर उन्मुख शैक्षणिक वातावरण विकसित करने के लिए प्रतिबद्ध है। हम एक ऐसा माहौल विकसित करना चाहते हैं जहां परंपराओं को आधुनिक दृष्टिकोण के साथ मिश्रित किया जाए जैसा कि हमारे देश की आज की आवश्यकता है। मानवीय-मूल्य एवं नैतिकता में आ रही गिरावट को त्याज्य करते हुए विद्यार्थियों को सदमार्ग की ओर उन्मुख करना विभाग का उद्देश्य रहा है। हिंदी विभाग के प्राध्यापक हिंदी साहित्य की विभिन्न विधाओं(कविता, कथा-साहित्य, नाटक आदि) साहित्य के इतिहास, आलोचना, मीडिया एवं पत्रकारिता, भाषा-विज्ञान, अंतर-अनुशासनिक अध्ययन आदि के विशेषज्ञ हैं, जिनके दिशा-निर्देशन में छात्राओं को अध्ययन की व्यापकता के साथ-साथ भविष्य का चुनाव करने में भी सहयोग मिलता है । हिन्दी विभाग के छः विद्यार्थी छात्रा-वृत्ति से पी एच. डी. डिग्री कर रहे हैं, हर साल विभाग के दो व तीन विद्यार्थी यू. जी. सी. नैट की परिक्षा पास कर रहे हैं और विभाग के दो विद्यार्थी विश्वविद्यालय के स्वर्ण पदक रहे हैं। हिन्दी विभाग के पूर्व-छात्राओं ने शिक्षा, आर्मी, पोलिस, अनुवाद आदि अनेक क्षेत्रों में अपनी उपलब्धियों से खूब नाम कमाया है।











| पाठ्यक्रम का नाम | अवधि | योग्यता |
|---|---|---|
| एम. ए. (हिंदी) | दो वर्ष | स्नातक 50% |

## फीस

| | |
|---|---|
| एम. ए. भाग पहला : 21000/– + परीक्षा फीस | एम. ए. भाग दूसरा : 20500/– + परीक्षा फीस |
| पहली किश्त : 9000/– + परीक्षा फीस | पहली किश्त : 8500/– + परीक्षा फीस |
| दूसरी किश्त : 6300/– + परीक्षा फीस | दूसरी किश्त : 6300/– + परीक्षा फीस |
| तीसरी किश्त : 5700/– + परीक्षा फीस | तीसरी किश्त : 5700/– + परीक्षा फीस |


डॉ. कुलवंत सिंह, विभागाध्यक्ष
संपर्क नंबर 98157-36540


विभाग और पाठ्यक्रम के बारे में अधिक जानकारी के लिए इस कोड को स्कैन करें
https://gncbudhlada.org/departments

ਮਨੁੱਖ ਦੀ ਜ਼ਿੰਦਗੀ ਵਿੱਚ ਸੰਗੀਤ ਦੀ ਮਹੱਤਤਾ ਨੂੰ ਪਹਿਚਾਣਦੇ ਹੋਏ 2004 ਵਿੱਚ ਸੰਗੀਤ ਵਿਭਾਗ ਦੀ ਸਥਾਪਨਾ ਕੀਤੀ ਗਈ। ਇਸ ਵਿਭਾਗ ਵਿੱਚ ਐੱਮ.ਏ. ਸੰਗੀਤ ਗਾਇਨ ਦੇ ਨਾਲ-ਨਾਲ ਬੀ.ਏ. ਪੱਧਰ ਦੀਆਂ ਕਲਾਸਾਂ ਵਿੱਚ ਸੰਗੀਤ ਚੋਣਵੇਂ ਵਿਸ਼ੇ ਦੇ ਰੂਪ ਵਿੱਚ ਚੱਲ ਰਿਹਾ ਹੈ। ਇਸ ਵਿਭਾਗ ਤੋਂ ਡਿਗਰੀ ਪ੍ਰਾਪਤ ਕਰਕੇ ਵਿਦਿਆਰਥੀ ਵੱਕਾਰੀ ਸੰਸਥਾਵਾਂ ਅਤੇ ਸੰਗੀਤ ਦੇ ਹੋਰਨਾਂ ਖੇਤਰਾਂ ਵਿੱਚ ਸਫ਼ਲਤਾਪੂਰਵਕ ਵਿਚਰ ਰਹੇ ਹਨ। ਵਿਭਾਗ ਦੁਆਰਾ ਸਮੇਂ ਸਮੇਂ ਤੇ ਸੈਮੀਨਾਰ, ਵਰਕਸ਼ਾਪ ਅਤੇ ਵਿਸ਼ਾ ਮਾਹਿਰਾਂ ਦੇ ਲੈਕਚਰਾਂ ਦਾ ਆਯੋਜਿਨ ਕੀਤਾ ਜਾਂਦਾ ਹੈ। ਵਿਭਾਗ ਦਾ ਮੂਲ ਮਨੋਰਥ ਉੱਤਮ ਕਲਾਕਾਰ, ਸ਼ਾਸਤਰਕਾਰ ਅਤੇ ਖੋਜਾਰਥੀ ਪੈਦਾ ਕਰਨਾ ਹੈ ਤਾਂ ਜੋ ਉਹ ਪ੍ਰਦਰਸ਼ਨੀ ਕਲਾਵਾਂ ਦੇ ਮਿਆਰ ਨੂੰ ਉਪਰ ਚੁੱਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਯੋਗ ਹੋ ਸਕਣ।


**ਡਾ. ਮਨਪ੍ਰੀਤ ਸਿੰਘ**
ਮੁਖੀ

ਸੰਪਰਕ ਨੰਬਰ
**98151-59084**


ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ
ਇਸ ਕੋਡ ਨੂੰ ਸਕੈਨ ਕਰੋ:

https://gncbudhlada.org/departments

gnc_official01

ਕਾਲਜ ਵਿੱਚ ਇਤਿਹਾਸ ਦਾ ਵਿਸ਼ਾ ਚੋਣਵੇਂ ਵਿਸ਼ੇ ਵਜੋਂ 1971 ਤੋਂ ਹੀ ਪੜ੍ਹਾਇਆ ਜਾ ਰਿਹਾ ਹੈ। ਇਲਾਕੇ ਦੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਸੈਸ਼ਨ 2011 ਵਿੱਚ ਇਤਿਹਾਸ ਵਿਸ਼ੇ ਦੀ ਐੱਮ.ਏ. ਸ਼ੁਰੂ ਕੀਤੀ ਗਈ। ਵਿਭਾਗ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਪੱਖਾਂ ਤੋਂ ਜਾਗਰੂਕ ਕਰਨਾ ਹੈ। ਵਿਭਾਗ ਵਿੱਚ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਇਤਿਹਾਸ ਪ੍ਰਤੀ ਗਹਿਰੀ ਰੁਚੀ ਪੈਦਾ ਕਰਨ ਲਈ ਕੁਇਜ਼ ਮੁਕਾਬਲੇ, ਨਕਸ਼ੇ ਅਤੇ ਮਾਡਲ ਬਣਾਉਣ ਦੇ ਮੁਕਾਬਲੇ, ਸੈਮੀਨਾਰ ਅਤੇ ਵਿਸ਼ਾ ਮਾਹਿਰਾਂ ਦੇ ਵਿਸ਼ੇਸ਼ ਲੈਕਚਰ ਕਰਵਾਏ ਜਾਂਦੇ ਹਨ। ਇਸ ਦੇ ਨਾਲ ਹੀ ਇਤਿਹਾਸਕ ਥਾਂਵਾਂ ਦੀਆਂ ਯਾਤਰਾਵਾਂ ਵੀ ਕਰਵਾਈਆਂ ਜਾਂਦੀਆਂ ਹਨ। ਵਿਭਾਗ ਵੱਲੋਂ 'ਗੁਰੂ ਹਰਿਗੋਬਿੰਦ ਸਾਹਿਬ ਇਤਿਹਾਸ ਸੰਗਠਨ' (**Guru Hargobind Sahib History Association**) ਦੀ ਸਥਾਪਨਾ ਕੀਤੀ ਗਈ ਹੈ, ਜੋ ਸਮੇਂ-ਸਮੇਂ ਤੇ ਇਤਿਹਾਸਿਕ ਦਿਹਾੜੇ ਮਨਾਉਣ ਦੇ ਰੂਪ ਵਿੱਚ ਇਤਿਹਾਸ ਪ੍ਰਤੀ ਚੇਤਨਾ ਪੈਦਾ ਕਰਨ ਲਈ ਯਤਨਸ਼ੀਲ ਹੈ। ਇਹ ਵਿਭਾਗ ਵਿਦਿਆਰਥੀਆਂ ਨੂੰ ਇਤਿਹਾਸਿਕ ਵਿਸ਼ਲੇਸ਼ਣ ਰਾਹੀਂ ਆਪਣੇ ਸਮਕਾਲ ਨੂੰ ਸਮਝਣ ਅਤੇ ਭਵਿੱਖ ਨੂੰ ਉਸਾਰਨ ਦੀ ਚੇਤਨਾ ਪੈਦਾ ਕਰਨ ਲਈ ਕਾਰਜਸ਼ੀਲ ਹੈ।

| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਏ. (ਇਤਿਹਾਸ) | ਦੋ ਸਾਲ | ਗ੍ਰੈਜੂਏਸ਼ਨ 50% |

## ਫ਼ੀਸ ਵੇਰਵਾ

| **ਐੱਮ.ਏ. ਭਾਗ ਪਹਿਲਾ 21000/-** + ਪ੍ਰੀਖਿਆ ਫ਼ੀਸ | | **ਐੱਮ.ਏ. ਭਾਗ ਦੂਜਾ 20500/-** + ਪ੍ਰੀਖਿਆ ਫ਼ੀਸ | |
|---|---|---|---|
| ਪਹਿਲੀ ਕਿਸ਼ਤ : | **9000/-** | ਪਹਿਲੀ ਕਿਸ਼ਤ : | **8500/-** |
| ਦੂਜੀ ਕਿਸ਼ਤ : | **6300/-** + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ: | **6300/-** + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | **5700/-** + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ : | **5700/-** + ਪ੍ਰੀਖਿਆ ਫ਼ੀਸ |

**ਡਾ. ਸੁਖਵਿੰਦਰ ਕੌਰ**
ਮੁਖੀ
ਸੰਪਰਕ ਨੰਬਰ
**94643-97610**

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

ਰਾਜਨੀਤੀ ਸ਼ਾਸਤਰ ਨੂੰ ਇੱਕ ਚੋਣਵੇਂ ਵਿਸ਼ੇ ਦੇ ਤੌਰ 'ਤੇ ਇਸ ਸੰਸਥਾ ਦੇ ਸ਼ੁਰੂਆਤੀ ਸਮੇਂ ਤੋਂ ਹੀ ਪੜ੍ਹਾਇਆ ਜਾ ਰਿਹਾ ਹੈ। ਇਸ ਵਿਸ਼ੇ ਦੀ ਦਿਨ ਪ੍ਰਤੀ ਦਿਨ ਵਧ ਰਹੀ ਮਹੱਤਤਾ ਅਤੇ ਇਲਾਕੇ ਦੇ ਵਿਦਿਆਰਥੀਆਂ ਦੀ ਮੰਗ ਨੂੰ ਦੇਖਦੇ ਹੋਏ ਕਾਲਜ ਵਿੱਚ 2016 ਤੋਂ ਰਾਜਨੀਤੀ ਸ਼ਾਸਤਰ ਵਿਸ਼ੇ ਦੀ ਐੱਮ.ਏ. ਸ਼ੁਰੂ ਕੀਤੀ ਗਈ। ਰਾਜਨੀਤੀ ਸ਼ਾਸਤਰ ਵਿਭਾਗ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਵਿਸ਼ਵੀਕਰਨ ਦੇ ਦੌਰ ਵਿੱਚ ਵਾਪਰਨ ਵਾਲੀਆਂ ਤਬਦੀਲੀਆਂ ਦੇ ਹਾਣ ਦਾ ਬਣਾਉਣਾ ਹੈ। ਜਿਸ ਦੇ ਲਈ ਵਿਭਾਗ ਵੱਲੋਂ ਸਮੇਂ ਸਮੇਂ 'ਤੇ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਵਿਦਵਾਨਾਂ ਦੇ ਲੈਕਚਰ ਕਰਵਾਏ ਜਾਂਦੇ ਹਨ।

| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਏ. (ਰਾਜਨੀਤੀ ਸ਼ਾਸਤਰ) | ਦੋ ਸਾਲ | ਗ੍ਰੈਜੂਏਸ਼ਨ 50% |

## ਫ਼ੀਸ ਵੇਰਵਾ

| ਐੱਮ.ਏ. ਭਾਗ ਪਹਿਲਾ 21000/- + ਪ੍ਰੀਖਿਆ ਫ਼ੀਸ | | ਐੱਮ.ਏ. ਭਾਗ ਦੂਜਾ 20500/- + ਪ੍ਰੀਖਿਆ ਫ਼ੀਸ | |
|---|---|---|---|
| ਪਹਿਲੀ ਕਿਸ਼ਤ : | 9000/- | ਪਹਿਲੀ ਕਿਸ਼ਤ : | 8500/- |
| ਦੂਜੀ ਕਿਸ਼ਤ : | 6300/- + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ: | 6300/- + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | 5700/- + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ : | 5700/- + ਪ੍ਰੀਖਿਆ ਫ਼ੀਸ |

**ਡਾ. ਇੰਦਰਜੀਤ ਸਿੰਘ**
ਮੁਖੀ
ਸੰਪਰਕ ਨੰਬਰ
98765-92312

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

# ਪੋਸਟ-ਗ੍ਰੈਜੂਏਟ ਸਾਇੰਸ ਵਿਭਾਗ

ਕਾਲਜ ਵਿੱਚ ਬੀ.ਐੱਸਸੀ. (ਮੈਡੀਕਲ ਅਤੇ ਨਾਨ-ਮੈਡੀਕਲ) ਦਾ ਕੋਰਸ 2003 ਤੋਂ ਚੱਲ ਰਿਹਾ ਹੈ। ਇਲਾਕੇ ਵਿੱਚ ਵਿਗਿਆਨ ਦੀ ਮਾਸਟਰ ਡਿਗਰੀ ਤੱਕ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਦੂਰ-ਦੁਰਾਡੇ ਜਾਣਾ ਪੈਂਦਾ ਸੀ। ਇਲਾਕੇ ਦੀ ਇਸ ਲੋੜ ਨੂੰ ਮਹਿਸੂਸ ਕਰਦੇ ਹੋਏ ਕਾਲਜ ਵਿੱਚ ਐੱਮ.ਐੱਸਸੀ. ਕੈਮਿਸਟਰੀ ਅਤੇ ਐੱਮ.ਐੱਸਸੀ. ਫਿਜ਼ਿਕਸ ਦੇ ਕੋਰਸ ਕ੍ਰਮਵਾਰ 2014 ਅਤੇ 2016 ਵਿੱਚ ਸ਼ੁਰੂ ਕੀਤੇ ਗਏ। ਇਹਨਾਂ ਵਿਭਾਗਾਂ ਦੇ ਹੋਂਦ ਵਿੱਚ ਆਉਣ ਨਾਲ ਇਲਾਕੇ ਦੇ ਵਿਦਿਆਰਥੀਆਂ ਦੀ ਅਕਾਦਮਿਕ ਲੋੜਾਂ ਦੀ ਪੂਰਤੀ ਹੋਈ ਹੈ। ਸਾਲ 2019 ਵਿਚ ਕੈਮਿਸਟਰੀ ਵਿਭਾਗ ਨੂੰ ਭਾਰਤ ਸਰਕਾਰ ਦੇ ਡੀ.ਬੀ.ਟੀ. ਵਿਭਾਗ ਵੱਲੋਂ ਸਟਾਰ ਕਾਲਜ ਦਾ ਦਰਜਾ ਪ੍ਰਾਪਤ ਹੋਇਆ। ਇਸ ਸਮੇਂ ਕੈਮਿਸਟਰੀ ਅਤੇ ਫਿਜ਼ਿਕਸ ਵਿਭਾਗ ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ ਨਾਲ ਭਰਪੂਰ ਹਨ। ਪੰਜਾਬ ਸਟੇਟ ਕਾਊਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਦੇ ਸਹਿਯੋਗ ਦੁਆਰਾ ਵਿਭਾਗ ਵੱਲੋਂ ਮਿਸ਼ਨ ਲਾਈਫ਼ ਦੇ ਅਧੀਨ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕਤਾ ਮੁਹਿੰਮ, ਤੰਦਰੁਸਤ ਜੀਵਨ ਸ਼ੈਲੀ ਨੂੰ ਅਪਨਾਉਣ ਦੀਆਂ ਵਰਕਸ਼ਾਪ ਨਾਲ ਵਿਦਿਆਰਥੀਆਂ ਨੂੰ ਵਿਗਿਆਨ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਖੋਜਾਂ ਅਤੇ ਆਧੁਨਿਕ ਤਕਨੀਕਾਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ। ਇਹ ਵਿਭਾਗ ਆਪਣੇ ਸਥਾਪਿਤ ਕੀਤੇ 'ਈਕੋ ਕਲੱਬ' ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾ ਰਹੇ ਹਨ, ਜਿਸ ਨਾਲ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਅਤੇ ਏਕਤਾ ਦੀ ਭਾਵਨਾ ਵਿਕਸਿਤ ਹੁੰਦੀ ਹੈ।

| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਐੱਸਸੀ. (ਕੈਮਿਸਟਰੀ) | ਦੋ ਸਾਲ | ਬੀ.ਐੱਸਸੀ (ਮੈਡੀਕਲ ਜਾਂ ਨਾਨ ਮੈਡੀਕਲ) ਵਿੱਚੋਂ 50% ਅੰਕ |
| ਐੱਮ.ਐੱਸਸੀ. (ਫਿਜ਼ਿਕਸ) | ਦੋ ਸਾਲ | ਬੀ.ਐੱਸਸੀ (ਨਾਨ ਮੈਡੀਕਲ) ਵਿੱਚੋਂ 50% ਅੰਕ |
| ਬੀ.ਐੱਸਸੀ. ਮੈਡੀਕਲ (ਆਨਰਜ) | ਚਾਰ ਸਾਲ | ਬਾਰ੍ਹਵੀਂ (ਮੈਡੀਕਲ) ਵਿੱਚੋਂ 50% ਅੰਕ |
| ਬੀ.ਐੱਸਸੀ. ਨਾਨ ਮੈਡੀਕਲ (ਆਨਰਜ) | ਚਾਰ ਸਾਲ | ਬਾਰ੍ਹਵੀਂ (ਨਾਨ ਮੈਡੀਕਲ) ਵਿੱਚੋਂ 50% ਅੰਕ |

## ਫ਼ੀਸ ਵੇਰਵਾ

**ਐੱਮ.ਐੱਸਸੀ. (ਕੈਮਿਸਟਰੀ/ਫਿਜ਼ਿਕਸ)**
**ਭਾਗ ਪਹਿਲਾ 34600/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **15500/-**
ਦੂਜੀ ਕਿਸ਼ਤ : **9550/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **9550/-** + ਪ੍ਰੀਖਿਆ ਫ਼ੀਸ

**ਐੱਮ.ਐੱਸਸੀ. (ਕੈਮਿਸਟਰੀ/ਫਿਜ਼ਿਕਸ)**
**ਭਾਗ ਦੂਜਾ 34100/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **15000/-**
ਦੂਜੀ ਕਿਸ਼ਤ: **9550/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **9550/-** + ਪ੍ਰੀਖਿਆ ਫ਼ੀਸ

**ਬੀ.ਐੱਸਸੀ (ਮੈਡੀਕਲ)**
**ਭਾਗ ਪਹਿਲਾ 21400/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **10000/-**
ਦੂਜੀ ਕਿਸ਼ਤ : **5700-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **5700/-** + ਪ੍ਰੀਖਿਆ ਫ਼ੀਸ

**ਬੀ.ਐੱਸਸੀ (ਮੈਡੀਕਲ)**
**ਭਾਗ ਦੂਜਾ ਅਤੇ ਤੀਜਾ 20900/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **9500/-**
ਦੂਜੀ ਕਿਸ਼ਤ: **5700/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **5700/-** + ਪ੍ਰੀਖਿਆ ਫ਼ੀਸ

**ਬੀ.ਐੱਸਸੀ. (ਨਾਨ ਮੈਡੀਕਲ)**
**ਭਾਗ ਪਹਿਲਾ 21000/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **9600/-**
ਦੂਜੀ ਕਿਸ਼ਤ : **5700/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **5700/-** + ਪ੍ਰੀਖਿਆ ਫ਼ੀਸ

**ਬੀ.ਐੱਸਸੀ. (ਨਾਨ ਮੈਡੀਕਲ)**
**ਭਾਗ ਦੂਜਾ ਅਤੇ ਤੀਜਾ 20500/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **9100/-**
ਦੂਜੀ ਕਿਸ਼ਤ: **5700/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **5700/-** + ਪ੍ਰੀਖਿਆ ਫ਼ੀਸ

**ਡਾ. ਜਤਿੰਦਰ ਸਿੰਘ**
ਮੁਖੀ
ਸੰਪਰਕ ਨੰਬਰ
**75087-68380**

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ
ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

ਗਣਿਤ ਵਿਭਾਗ ਦੀ ਸਥਾਪਨਾ 1981 ਵਿੱਚ ਹੋਈ। ਇਲਾਕੇ ਦੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ 2010 ਵਿੱਚ ਐੱਮ. ਐੱਸਸੀ. ਗਣਿਤ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਵਿਭਾਗੀ ਪੜ੍ਹਾਈ ਦੇ ਨਾਲ-ਨਾਲ ਸਹਿ-ਵਿਦਿਅਕ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਅੰਦਰ ਵਿਸ਼ੇ ਦੀ ਵਿਸ਼ੇਸ਼ੱਗਤਾ ਪੈਦਾ ਕੀਤੀ ਜਾਂਦੀ ਹੈ। ਵੱਖ-ਵੱਖ ਵਿਭਾਗਾਂ ਨਾਲ ਮਿਲ ਕੇ ਸਮੇਂ-ਸਮੇਂ ਵਿਭਿੰਨ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਵਿਸ਼ੇ ਦੇ ਅਥਾਹ ਗਿਆਨ ਦੀ ਜਾਣਕਾਰੀ ਲਈ ਵਿਭਾਗੀ ਲਾਇਬਰੇਰੀ ਸਥਾਪਿਤ ਕੀਤੀ ਗਈ ਹੈ। ਖੁਸ਼ੀ ਦੀ ਗੱਲ ਹੈ ਕਿ ਵਿਭਾਗ ਵਿੱਚੋਂ ਮਾਸਟਰ ਡਿਗਰੀ ਪ੍ਰਾਪਤ ਕਰਕੇ ਬਹੁਤ ਵਿਦਿਆਰਥੀ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਅਨੇਕਾਂ ਵਿਦਿਆਰਥੀ ਸੀ.ਐੱਸ.ਆਈ.ਆਰ. ਵੱਲੋਂ ਲਈ ਜਾਂਦੀ ਪ੍ਰੀਖਿਆ ਨੈੱਟ ਅਤੇ ਜੇ.ਆਰ.ਐਫ. ਲਗਾਤਾਰ ਪਾਸ ਕਰ ਰਹੇ ਹਨ।










| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਐੱਸਸੀ. (ਗਣਿਤ) | ਦੋ ਸਾਲ | ਬੀ.ਏ., ਬੀ.ਐੱਸਸੀ. ਗਣਿਤ ਵਿਸ਼ੇ ਨਾਲ 50% ਅੰਕ |

## ਫ਼ੀਸ ਵੇਰਵਾ

| ਐੱਮ.ਐੱਸਸੀ. ਭਾਗ ਪਹਿਲਾ 22700/- + ਪ੍ਰੀਖਿਆ ਫ਼ੀਸ | | ਐੱਮ.ਐੱਸਸੀ. ਭਾਗ ਦੂਜਾ 22200/- + ਪ੍ਰੀਖਿਆ ਫ਼ੀਸ | |
|---|---|---|---|
| ਪਹਿਲੀ ਕਿਸ਼ਤ : | 10000/- | ਪਹਿਲੀ ਕਿਸ਼ਤ : | 9500/- |
| ਦੂਜੀ ਕਿਸ਼ਤ : | 6550/- + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ: | 6550/- + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | 6150/- + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ : | 6150/- + ਪ੍ਰੀਖਿਆ ਫ਼ੀਸ |


**ਪ੍ਰੋ. ਹਰਪ੍ਰੀਤ ਸਿੰਘ**
ਮੁਖੀ
ਸੰਪਰਕ ਨੰਬਰ
**89680-21786**


ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

ਸੰਸਥਾ ਵਿੱਚ ਕੰਪਿਊਟਰ ਸਾਇੰਸ ਵਿਭਾਗ ਪੀ.ਜੀ.ਡੀ.ਸੀ.ਏ. ਦੇ ਕੋਰਸ ਨਾਲ 2004 ਵਿੱਚ ਸ਼ੁਰੂ ਹੋਇਆ। ਇਸ ਸਮੇਂ ਤਿੰਨ ਗ੍ਰੈਜੂਏਸ਼ਨ ਕੋਰਸ (ਬੀ.ਸੀ.ਏ., ਬੀ.ਵਾੱਕ ਸਾਫਟਵੇਅਰ ਡਿਵੈੱਲਪਮੈਂਟ ਅਤੇ ਬੀ.ਵਾੱਕ ਸਾਇਬਰ ਸਕਿਓਰਿਟੀ), ਤਿੰਨ ਪੋਸਟ ਗ੍ਰੈਜੂਏਟ ਕੋਰਸ (ਐੱਮ.ਸੀ.ਏ., ਐੱਮ.ਐੱਸਸੀ.-ਆਈ.ਟੀ., ਐੱਮ.ਐੱਸਸੀ.-ਆਈ.ਟੀ. ਲੇਟਰਲ ਐਂਟਰੀ), ਡਿਪਲੋਮਾ ਕੋਰਸ ਪੀ.ਜੀ.ਡੀ.ਸੀ.ਏ. ਅਤੇ ਚਾਰ ਐਡ ਆਨ ਕੋਰਸ (ਪ੍ਰੋਗਰਾਮਿੰਗ ਇਨ ਸੀ, ਪ੍ਰੋਗਰਾਮਿੰਗ ਇਨ ਸੀ++, ਪ੍ਰੋਗਰਾਮਿੰਗ ਇਨ ਜਾਵਾ ਅਤੇ ਵੈੱਬ ਡਿਜ਼ਾਈਨਿੰਗ ਯੂਜ਼ਿੰਗ ਐੱਚ.ਟੀ.ਐੱਮ.ਐੱਲ. ਅਤੇ ਡੀ.ਐੱਚ.ਟੀ.ਐੱਮ.ਐੱਲ.) ਸਫਲਤਾਪੂਰਵਕ ਚੱਲ ਰਹੇ ਹਨ। ਉੱਚ ਯੋਗਤਾ ਪ੍ਰਾਪਤ ਪ੍ਰਾਧਿਆਪਕਾਂ ਦੁਆਰਾ ਨਵੀਆਂ ਤਕਨੀਕਾਂ ਰਾਹੀਂ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਂਦਾ ਹੈ। ਵਿਭਾਗ ਦਾ ਮੁੱਖ ਮੰਤਵ ਬੱਚਿਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਵਿਵਹਾਰਿਕ ਗਿਆਨ ਦੇ ਕੇ ਹੁਨਰਮੰਦ ਪੇਸ਼ੇਵਰ ਬਣਾਉਣਾ ਹੈ। ਵਿਭਾਗ ਵੱਲੋਂ ਵਿਦਿਆਰਥੀਆਂ ਅੰਦਰ ਕਿਰਤ ਦੀ ਲਗਨ ਪੈਦਾ ਕਰਨ ਲਈ ਵੱਖ ਵੱਖ ਕਲੱਬ ਬਣਾਏ ਗਏ ਹਨ।







| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਸੀ.ਏ (ਏ.ਆਈ.ਸੀ.ਟੀ.ਈ. ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ) | ਦੋ ਸਾਲ | ਬੀ.ਸੀ.ਏ, ਬੀ.ਐੱਸਸੀ. (ਗਣਿਤ ਅਤੇ ਕੰਪਿਊਟਿੰਗ), ਬੀ.ਐੱਸਸੀ(ਕੰਪਿਊਟਰ ਸਾਇੰਸ, ਸਟੈਟਿਕਸ ਅਤੇ ਗਣਿਤ), ਬੀ. ਵਾਕ ਸੌਫਟਵੇਅਰ ਡਿਵੈਲਪਮੈਂਟ ਜਾਂ ਇਸ ਦੇ ਬਰਾਬਰ ਹੋਰ ਕੋਈ ਗ੍ਰੈਜੂਏਸ਼ਨ ਡਿਗਰੀ ਘੱਟੋ-ਘੱਟ ਤਿੰਨ ਸਾਲ ਦੀ 50% ਨੰਬਰਾਂ ਨਾਲ ਪਾਸ ਕੀਤੀ ਹੋਵੇ (45% SC /ST and differently-abled persons with at least 40% disability)<br>ਜਾਂ<br>ਬੀ. ਐੱਸਸੀ, ਬੀ.ਕਾਮ, ਬੀ.ਏ. ਨਾਲ 10+2 ਵਿੱਚ ਗਣਿਤ ਪੜ੍ਹਿਆ ਹੋਇਆ ਹੋਵੇ ਜਾਂ ਗ੍ਰੈਜੂਏਸ਼ਨ ਵਿੱਚ ਗਣਿਤ ਪੜ੍ਹਿਆ ਹੋਵੇ ਜਾਂ ਇਸ ਦੇ ਬਰਾਬਰ ਹੋਰ ਕੋਈ ਗ੍ਰੈਜੂਏਸ਼ਨ ਡਿਗਰੀ ਘੱਟੋ ਘੱਟ ਤਿੰਨ ਸਾਲ ਦੀ 50% ਨੰਬਰਾਂ ਨਾਲ ਪਾਸ ਕੀਤੀ ਹੋਵੇ (45% SC /ST and differently-abled persons with at least 40% disability) ਅਤੇ ਇਸ ਦੇ ਨਾਲ PGDCA ਜਾਂ ਇਸ ਦੇ ਬਰਾਬਰ ਪੀ.ਜੀ. ਡਿਪਲੋਮਾ ਕੀਤਾ ਹੋਵੇ। |
| ਐੱਮ.ਐੱਸਸੀ. ਆਈ.ਟੀ. | ਦੋ ਸਾਲ | ਗ੍ਰੈਜੂਏਸ਼ਨ ਡਿਗਰੀ ਵਿੱਚੋਂ 50% ਅੰਕ |
| ਐੱਮ.ਐੱਸਸੀ. ਆਈ.ਟੀ. (ਐਲ.ਈ.) | ਇੱਕ ਸਾਲ | ਪੀ.ਜੀ.ਡੀ.ਸੀ.ਏ. ਵਿੱਚੋਂ 50% ਅੰਕ |
| ਪੀ.ਜੀ.ਡੀ.ਸੀ.ਏ. | ਇੱਕ ਸਾਲ | ਗ੍ਰੈਜੂਏਸ਼ਨ ਡਿਗਰੀ ਵਿੱਚੋਂ 50% ਅੰਕ |
| ਬੀ.ਸੀ.ਏ. | ਤਿੰਨ ਸਾਲ | 10+2 ਵਿੱਚੋਂ 50% ਅੰਕ (ਕਿਸੇ ਵੀ ਸਟਰੀਮ ਨਾਲ) |
| ਬੀ.ਵਾਕ. (ਸਾਫਟਵੇਅਰ ਡਿਵੈਲਪਮੈਂਟ) | ਤਿੰਨ ਸਾਲ | 10+2 ਵਿੱਚੋਂ 50% ਅੰਕ (ਕਿਸੇ ਵੀ ਸਟਰੀਮ ਨਾਲ) |
| ਬੀ.ਵਾਕ. (ਸਾਇਬਰ ਸਕਿਓਰਟੀ) | ਤਿੰਨ ਸਾਲ | 10+2 ਵਿੱਚੋਂ 50% ਅੰਕ (ਕਿਸੇ ਵੀ ਸਟਰੀਮ ਨਾਲ) |

ਜੇਕਰ ਸੈਸਨ 2025-26 ਲਈ NEP-2020 (ਰਾਸ਼ਟਰੀ ਸਿੱਖਿਆ ਨੀਤੀ) ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਹੁੰਦੀ ਹੈ ਤਾਂ ਉਸ ਨੂੰ ਲਾਗੂ ਕੀਤਾ ਜਾਵੇਗਾ।








## ਫ਼ੀਸ ਵੇਰਵਾ

| | |
|---|---|
| **ਐੱਮ.ਸੀ.ਏ.**<br>**(ਭਾਗ ਪਹਿਲਾ) 59000/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **25000/-**<br>ਦੂਜੀ ਕਿਸ਼ਤ : **20000/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **14000/-** + ਪ੍ਰੀਖਿਆ ਫ਼ੀਸ | **ਐੱਮ.ਸੀ.ਏ.**<br>**(ਭਾਗ ਦੂਜਾ) 58500/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **24500/-**<br>ਦੂਜੀ ਕਿਸ਼ਤ: **20000/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ : **14000/-** + ਪ੍ਰੀਖਿਆ ਫ਼ੀਸ |
| **ਐੱਮ.ਐੱਸਸੀ. ਆਈ.ਟੀ.**<br>**ਭਾਗ ਪਹਿਲਾ 30600/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **15200/-**<br>ਦੂਜੀ ਕਿਸ਼ਤ : **7900/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **7500/-** + ਪ੍ਰੀਖਿਆ ਫ਼ੀਸ | **ਐੱਮ.ਐੱਸਸੀ. ਆਈ.ਟੀ.**<br>**ਭਾਗ ਦੂਜਾ 30100/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **14700/-**<br>ਦੂਜੀ ਕਿਸ਼ਤ: **7900/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ : **7500/-** + ਪ੍ਰੀਖਿਆ ਫ਼ੀਸ |
| **ਐੱਮ.ਐੱਸਸੀ.** (ਲੇਟਰਲ ਐਂਟਰੀ)<br>**ਭਾਗ ਪਹਿਲਾ 33000/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **17600/-**<br>ਦੂਜੀ ਕਿਸ਼ਤ : **7900/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **7500/-** + ਪ੍ਰੀਖਿਆ ਫ਼ੀਸ | **ਪੀ.ਜੀ.ਡੀ.ਸੀ.ਏ. 18600/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **8650/-**<br>ਦੂਜੀ ਕਿਸ਼ਤ : **5200/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **4750/-** + ਪ੍ਰੀਖਿਆ ਫ਼ੀਸ |
| **ਬੀ.ਸੀ.ਏ. ਭਾਗ ਪਹਿਲਾ 28400/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **13250/-**<br>ਦੂਜੀ ਕਿਸ਼ਤ : **7800/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **7350/-** + ਪ੍ਰੀਖਿਆ ਫ਼ੀਸ | **ਬੀ.ਸੀ.ਏ. ਦੂਜਾ ਅਤੇ ਤੀਜਾ 27900/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **12750/-**<br>ਦੂਜੀ ਕਿਸ਼ਤ: **7800/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ : **7350/-** + ਪ੍ਰੀਖਿਆ ਫ਼ੀਸ |
| **ਬੀ.ਵਾਕ. ਸਾਫਟਵੇਅਰ ਡਿਵੈੱਲਪਮੈਂਟ/ਸਾਈਬਰ ਸਕਿਓਰਟੀ**<br>**ਭਾਗ ਪਹਿਲਾ 28700/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **13250/-**<br>ਦੂਜੀ ਕਿਸ਼ਤ : **7950/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ: **7500/-** + ਪ੍ਰੀਖਿਆ ਫ਼ੀਸ | **ਬੀ.ਵਾਕ. ਸਾਫਟਵੇਅਰ ਡਿਵੈੱਲਪਮੈਂਟ/ਸਾਈਬਰ ਸਕਿਓਰਟੀ**<br>**ਭਾਗ ਦੂਜਾ ਅਤੇ ਤੀਜਾ 28200/-** + ਪ੍ਰੀਖਿਆ ਫ਼ੀਸ<br>ਪਹਿਲੀ ਕਿਸ਼ਤ : **12750/-**<br>ਦੂਜੀ ਕਿਸ਼ਤ: **7950/-** + ਪ੍ਰੀਖਿਆ ਫ਼ੀਸ<br>ਤੀਜੀ ਕਿਸ਼ਤ : **7500/-** + ਪ੍ਰੀਖਿਆ ਫ਼ੀਸ |

ਡਾ. ਰੇਖਾ ਕਾਲੜਾ
ਮੁਖੀ
ਸੰਪਰਕ ਨੰਬਰ
81465-22759

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ
ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

ਇਹ ਵਿਭਾਗ ਆਪਣੇ ਸਿੱਖਿਆਰਥੀਆਂ ਨੂੰ ਜਿੱਥੇ ਇਕ ਗਤੀਸ਼ੀਲ ਵਾਤਾਵਰਣ ਦੇਣ ਲਈ ਵਚਨਬੱਧ ਹੈ, ਉਥੇ ਉਨ੍ਹਾਂ ਦੀ ਪੇਸ਼ੇਵਰ ਅਤੇ ਵਿਅਕਤੀਗਤ ਤੌਰ 'ਤੇ ਸਮੁੱਚੀ ਉਸਾਰੀ ਕਰਨ ਲਈ ਵੀ ਮੱਦਦਗਾਰ ਸਾਬਿਤ ਹੋ ਰਿਹਾ ਹੈ। ਅੱਜ ਦੇ ਮੁਕਾਬਲੇ ਦੇ ਯੁੱਗ ਵਿੱਚ ਆਪਣੇ ਵਿਦਿਆਰਥੀਆਂ ਦੀ ਜੀਵਨ-ਉਸਾਰੀ ਲਈ ਇਹ ਵਿਭਾਗ ਵਿਆਪਕ ਪੱਧਰ 'ਤੇ ਯਤਨਸ਼ੀਲ ਹੈ। ਇਸ ਵਿਭਾਗ ਦਾ ਮਕਸਦ ਮਿਆਰੀ ਸਿੱਖਿਆ ਦੇਣਾ ਹੈ ਜਿਹੜੀ ਵਿਦਿਆਰਥੀਆਂ ਵਿੱਚ ਅਜਿਹਾ ਗਿਆਨ ਅਤੇ ਯੋਗਤਾ ਪੈਦਾ ਕਰੇ ਜੋ ਉਨ੍ਹਾਂ ਨੂੰ ਵਪਾਰ ਅਤੇ ਉਦਯੋਗ ਦੇ ਖੇਤਰ ਵਿੱਚ ਸਫ਼ਲਤਾਪੂਰਵਕ ਰੁਜ਼ਗਾਰ ਦੇਵੇ ਅਤੇ ਵਿਦਿਆਰਥੀਆਂ ਨੂੰ ਇਸ ਕਾਬਿਲ ਬਣਾਵੇ ਕਿ ਉਹ ਵਪਾਰ ਦੀ ਆਂਤਰਿਕ ਪ੍ਰਕਿਰਤੀ ਨੂੰ ਅਤੇ ਇਸ ਦੀਆਂ ਚੁਣੌਤੀਆਂ ਨੂੰ ਸਮਝ ਸਕਣ। ਇਸ ਵਿਭਾਗ ਵਿੱਚ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖ਼ਾਰਨ ਅਤੇ ਬਹੁਪੱਖੀ ਸ਼ਖ਼ਸੀਅਤ ਦੀ ਉਸਾਰੀ ਲਈ ਅਨੇਕ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।






| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਕਾਮ. | ਦੋ ਸਾਲ | ਬੀ.ਕਾਮ., ਬੀ.ਕਾਮ (ਆਨਰਜ਼), ਬੀ.ਬੀ.ਏ., ਬੈਚੂਲਰ ਆਫ ਅਕਾਊਟਿੰਗ ਅਤੇ ਫਾਇਨਾਂਸ, ਇਨ੍ਹਾਂ ਕਿਸੇ ਇੱਕ ਵਿੱਚੋਂ 50 % ਅੰਕ |
| ਬੀ.ਕਾਮ (ਆਨਰਜ਼)<br>ਬੀ.ਬੀ.ਏ. | ਚਾਰ ਸਾਲ<br>ਤਿੰਨ ਸਾਲ | 10+2 ਵਿੱਚੋਂ 50% ਅੰਕ<br>10+2 ਵਿੱਚੋਂ 50% ਅੰਕ |

ਜੇਕਰ ਸੈਸ਼ਨ 2025-26 ਲਈ NEP-2020 (ਰਾਸ਼ਟਰੀ ਸਿੱਖਿਆ ਨੀਤੀ) ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਹੁੰਦੀ ਹੈ ਤਾਂ ਉਸ ਨੂੰ ਲਾਗੂ ਕੀਤਾ ਜਾਵੇਗਾ।

## ਫ਼ੀਸ ਵੇਰਵਾ

**ਐੱਮ.ਕਾਮ.ਭਾਗ ਪਹਿਲਾ 24500/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 10650/-
ਦੂਜੀ ਕਿਸ਼ਤ : 7150/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: 6700/- + ਪ੍ਰੀਖਿਆ ਫ਼ੀਸ

**ਐੱਮ.ਕਾਮ. ਭਾਗ ਦੂਜਾ 24000/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 10150/-
ਦੂਜੀ ਕਿਸ਼ਤ: 7150/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : 6700/- + ਪ੍ਰੀਖਿਆ ਫ਼ੀਸ

**ਬੀ.ਕਾਮ.(ਆਨਰਜ਼)**
**ਭਾਗ ਪਹਿਲਾ 23750/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 10600/-
ਦੂਜੀ ਕਿਸ਼ਤ : 6950/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: 6200/- + ਪ੍ਰੀਖਿਆ ਫ਼ੀਸ

**ਬੀ.ਕਾਮ.(ਆਨਰਜ਼)**
**ਭਾਗ ਦੂਜਾ, ਤੀਜਾ ਅਤੇ ਚੌਥਾ 23250/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 10100/-
ਦੂਜੀ ਕਿਸ਼ਤ: 6950/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : 6200/- + ਪ੍ਰੀਖਿਆ ਫ਼ੀਸ

**ਬੀ.ਬੀ.ਏ. ਭਾਗ ਪਹਿਲਾ 28400/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 13250/-
ਦੂਜੀ ਕਿਸ਼ਤ : 7900/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: 7250/- + ਪ੍ਰੀਖਿਆ ਫ਼ੀਸ

**ਬੀ.ਬੀ.ਏ. ਭਾਗ ਦੂਜਾ ਅਤੇ ਤੀਜਾ 27900/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : 12750/-
ਦੂਜੀ ਕਿਸ਼ਤ: 7900/- + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : 7250/- + ਪ੍ਰੀਖਿਆ ਫ਼ੀਸ

ਨੋਟ: ਬੀ.ਕਾਮ ਭਾਗ ਤੀਜਾ-21250+ਪ੍ਰੀਖਿਆ ਫ਼ੀਸ (ਇਹ ਸ਼ਰਤ ਬੀ.ਕਾਮ ਭਾਗ ਤੀਜਾ, ਜੋ NEP-2020 ਦੇ ਅਧੀਨ ਨਹੀਂ ਹੈ, 'ਤੇ ਲਾਗੂ ਹੁੰਦੀ ਹੈ।
ਪਹਿਲੀ ਕਿਸ਼ਤ : 10000/-, ਦੂਜੀ ਕਿਸ਼ਤ: 5950/- + ਪ੍ਰੀਖਿਆ ਫ਼ੀਸ, ਤੀਜੀ ਕਿਸ਼ਤ : 5300/- + ਪ੍ਰੀਖਿਆ ਫ਼ੀਸ

**ਡਾ. ਸ਼ੰਟੀ ਕੁਮਾਰ**
ਮੁਖੀ
ਸੰਪਰਕ ਨੰਬਰ
94667-30231

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

gnc_official01
budhladagurunanakcollege
www.gncbudhlada.org

ਫ਼ੂਡ ਪ੍ਰੋਸੈਸਿੰਗ ਵਿਭਾਗ ਦੀ ਸਥਾਪਨਾ 2015 ਵਿਚ ਸਮਾਜ ਦੀਆਂ ਫ਼ੂਡ ਪ੍ਰੋਸੈਸਿੰਗ ਸਬੰਧੀ ਲੋੜਾਂ ਅਤੇ ਫ਼ੂਡ ਪ੍ਰੋਸੈਸਿੰਗ ਨਾਲ ਸਬੰਧਿਤ ਉਦਯੋਗ ਨੂੰ ਵਧੀਆ ਤਜ਼ਰਬੇਕਾਰ ਪੇਸ਼ੇਵਰ ਉਪਲੱਬਧ ਕਰਵਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਕੀਤੀ ਗਈ। ਇਸ ਵਿਭਾਗ ਦਾ ਉਦੇਸ਼ ਅਕਾਦਮਿਕ, ਕਿੱਤਾ-ਮੁਖੀ ਟ੍ਰੇਨਿੰਗ, ਸਕਿੱਲ ਡਿਵੈਲਪਮੈਂਟ, ਖੋਜ, ਫਸਲਾਂ ਦੀ ਕਟਾਈ ਤੋਂ ਬਾਅਦ ਸਾਂਭ-ਸੰਭਾਲ ਲਈ ਦੂਰਵਰਤੀ ਸੇਵਾਵਾਂ ਅਤੇ ਖੇਤੀਬਾੜੀ ਨਾਲ ਸਬੰਧਿਤ ਉਪਜ ਦੀ ਗੁਣਵਤਾ ਵਿੱਚ ਵਾਧਾ ਕਰਨਾ ਹੈ। ਵਿਦਿਆਰਥੀਆਂ ਨੂੰ ਮਾਹਿਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਵਿਭਾਗ ਦੁਆਰਾ ਉਦਯੋਗਿਕ ਦੌਰੇ, ਗੈਸਟ ਲੈਕਚਰ, ਕਾਨਫਰੰਸ, ਸੈਮੀਨਾਰ, ਪੇਪਰ ਪ੍ਰੈਜ਼ਨਟੇਸ਼ਨ ਅਤੇ ਉਦਯੋਗਿਕ ਸਿਖਲਾਈ ਨਿਯਮਤ ਤੌਰ 'ਤੇ ਆਯੋਜਿਤ ਕੀਤੀ ਜਾਂਦੀ ਹੈ। ਵਿਭਾਗ ਦਾ ਮੁੱਖ ਮੰਤਵ ਸਿਧਾਂਤਕ ਦੇ ਨਾਲ-ਨਾਲ ਵਿਹਾਰਕ ਗਿਆਨ 'ਤੇ ਅਧਾਰਿਤ ਹੈ। ਵਿਭਾਗ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਪੇਸ਼ੇਵਰ ਪੱਧਰ 'ਤੇ ਅਪਣਾਈਆਂ ਅਤੇ ਲਾਗੂ ਕੀਤੀਆਂ ਨਵੀਨਤਮ ਤਕਨਾਲੋਜੀ ਤੋਂ ਜਾਣੂੰ ਕਰਵਾਉਣ ਲਈ ਵੱਖ-ਵੱਖ ਭੋਜਨ ਖੇਤਰਾਂ ਨਾਲ ਸਬੰਧਤ ਸੰਸਥਾਵਾਂ/ਉਦਯੋਗਾਂ ਦੇ ਅਕਾਦਮਿਕ ਦੌਰੇ ਵੀ ਕਰਵਾਏ ਜਾਂਦੇ ਹਨ। ਵਿਭਾਗ ਨੇ 2021 ਵਿੱਚ ਫ਼ੂਡ ਇੰਡਸਟਰੀ ਇਨਕਿਊਬੇਸ਼ਨ ਸੈਂਟਰ ਸਥਾਪਿਤ ਕੀਤਾ ਹੈ ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਫ਼ੂਡ ਉਦਯੋਗ ਵਿੱਚ ਹੋ ਰਹੀਆਂ ਨਵੀਆਂ ਖੋਜਾਂ ਦੀ ਜਾਣਕਾਰੀ ਦੇਣਾ ਹੈ, ਤਾਂ ਜੋ ਵਿਦਿਆਰਥੀ ਆਪਣਾ ਸਵੈ-ਰੋਜ਼ਗਾਰ ਸਥਾਪਿਤ ਕਰ ਸਕਣ।











| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਬੀ.ਵਾਕ (ਫ਼ੂਡ ਪ੍ਰੋਸੈਸਿੰਗ) | ਤਿੰਨ ਸਾਲ | 12ਵੀਂ ਕਲਾਸ ਕਿਸੇ ਵੀ ਵਿਸ਼ੇ ਨਾਲ |

## ਫ਼ੀਸ ਵੇਰਵਾ

**ਬੀ.ਵਾਕ. (ਫ਼ੂਡ ਪ੍ਰੋਸੈਸਿੰਗ)**
**ਭਾਗ ਪਹਿਲਾ 28700/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ: **13250/-**
ਦੂਜੀ ਕਿਸ਼ਤ : **7950/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **7500/-** + ਪ੍ਰੀਖਿਆ ਫ਼ੀਸ

**ਬੀ.ਵਾਕ. (ਫ਼ੂਡ ਪ੍ਰੋਸੈਸਿੰਗ)**
**ਭਾਗ ਦੂਜਾ ਅਤੇ ਤੀਜਾ 28200/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **12750/-**
ਦੂਜੀ ਕਿਸ਼ਤ: **7950/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **7500/-** + ਪ੍ਰੀਖਿਆ ਫ਼ੀਸ

**ਡਾ. ਸੰਗੀਤਾ**
ਮੁਖੀ
ਸੰਪਰਕ ਨੰਬਰ
**70154-70935**

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

# ਫੈਸ਼ਨ ਤਕਨਾਲੋਜੀ ਅਤੇ ਹੋਮ ਸਾਇੰਸ ਵਿਭਾਗ

ਪੇਂਡੂ ਖੇਤਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੈਸ਼ਨ 2009-10 ਵਿਚ ਫੈਸ਼ਨ ਤਕਨਾਲੋਜੀ ਅਤੇ ਗ੍ਰਹਿ ਵਿਗਿਆਨ ਦਾ ਵਿਭਾਗ ਸ਼ੁਰੂ ਕੀਤਾ ਗਿਆ। ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਤਮ ਨਿਰਭਰ ਬਣਾਉਣਾ ਅਤੇ ਉਹਨਾਂ ਨੂੰ ਆਪਣੇ ਪੈਰਾਂ ਉੱਪਰ ਖੜ੍ਹੇ ਕਰਨਾ ਹੈ। ਵਿਭਾਗ ਵਿਚ ਨਵੀਂ ਤਕਨੀਕ ਦੀਆਂ ਪ੍ਰਯੋਗਸ਼ਾਲਾਵਾਂ ਜਿਨ੍ਹਾਂ ਵਿੱਚ ਅਤਿ-ਆਧੁਨਿਕ ਯੰਤਰ ਜਿਵੇਂ ਕਢਾਈ, ਸਿਲਾਈ ਅਤੇ ਬੁਣਾਈ ਮਸ਼ੀਨਾਂ ਸ਼ਾਮਿਲ ਹਨ। ਵਿਦਿਆਰਥੀਆਂ ਨੂੰ ਕੰਪਿਊਟਰ ਨਾਲ ਸੰਬੰਧਿਤ ਕੋਰਲ ਡਰਾਅ ਅਤੇ ਫੋਟੋਸ਼ਾਪ ਵੀ ਸਿਖਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਕੱਪੜੇ ਦੀ ਬੁਣਾਈ ਅਤੇ ਰੰਗਾਈ ਦੀ ਪਰਖ ਲਈ ਆਧੁਨਿਕ ਉਪਕਰਨ ਮੌਜੂਦ ਹਨ, ਤਾਂ ਜੋ ਵਿਦਿਆਰਥੀ ਇਨ੍ਹਾਂ ਦੀ ਯੋਗ ਵਰਤੋਂ ਕਰਕੇ ਵਿਵਹਾਰਿਕ ਗਿਆਨ ਦੇ ਮਾਹਿਰ ਹੋ ਸਕਣ ਅਤੇ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰ ਸਕਣ। ਵਿੱਦਿਅਕ ਅਤੇ ਉਦਯੋਗਿਕ ਸਿਖਲਾਈ ਰਾਹੀਂ ਵਿਸ਼ੇ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਅਤੇ ਪਹਿਰਾਵਾ ਪ੍ਰਦਰਸ਼ਿਤ ਕਰਨ ਲਈ ਫੈਸ਼ਨ ਸ਼ੋਅ ਵੀ ਕਰਵਾਏ ਜਾਂਦੇ ਹਨ। ਹੋਮ ਸਾਇੰਸ ਦੇ ਵਿਦਿਆਰਥੀਆਂ ਨੂੰ ਪੌਸ਼ਟਿਕ ਤੱਤਾਂ ਦੀ ਜਾਣਕਾਰੀ ਦੇ ਕੇ ਨਿਰੋਏ ਸਮਾਜ ਦੀ ਸਿਰਜਣਾ ਲਈ ਪ੍ਰੇਰਿਆ ਜਾਂਦਾ ਹੈ। ਵਿਭਾਗ ਵਿਚ ਆਧੁਨਿਕ ਪ੍ਰਯੋਗਸ਼ਾਲਾਵਾਂ ਹਨ ਅਤੇ ਸਮੇਂ-ਸਮੇਂ ਤੇ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ।






| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਐੱਸਸੀ. (ਫੈਸ਼ਨ ਤਕਨਾਲੋਜੀ) | ਦੋ ਸਾਲ | ਗ੍ਰੈਜੂਏਸ਼ਨ 50% ਅੰਕ ਨਾਲ |
| ਬੀ.ਵਾਕ. (ਫੈਸ਼ਨ ਤਕਨਾਲੋਜੀ) | ਤਿੰਨ ਸਾਲ | 10+2 ਪਾਸ |
| ਬੀ.ਵਾਕ. (ਗਾਰਮੈਂਟ ਡਿਜ਼ਾਈਨਿੰਗ) | ਤਿੰਨ ਸਾਲ | 10+2 ਪਾਸ |

## ਫ਼ੀਸ ਵੇਰਵਾ

**ਐੱਮ.ਐੱਸਸੀ. (ਫੈਸ਼ਨ ਤਕਨਾਲੋਜੀ)**
**ਭਾਗ ਪਹਿਲਾ 30780/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **15200/-**
ਦੂਜੀ ਕਿਸ਼ਤ : **7990/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **7590/-** + ਪ੍ਰੀਖਿਆ ਫ਼ੀਸ

**ਐੱਮ.ਐੱਸਸੀ. (ਫੈਸ਼ਨ ਤਕਨਾਲੋਜੀ)**
**ਭਾਗ ਦੂਜਾ 30280/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **14700/-**
ਦੂਜੀ ਕਿਸ਼ਤ: **7990/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **7590/-** + ਪ੍ਰੀਖਿਆ ਫ਼ੀਸ

**ਬੀ.ਵਾਕ. (ਫੈਸ਼ਨ ਤਕਨਾਲੋਜੀ/ਗਾਰਮੈਂਟ ਡਿਜ਼ਾਈਨਿੰਗ)**
**ਭਾਗ ਪਹਿਲਾ 28700/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **13250/-**
ਦੂਜੀ ਕਿਸ਼ਤ : **7950/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **7500/-** + ਪ੍ਰੀਖਿਆ ਫ਼ੀਸ

**ਬੀ.ਵਾਕ. (ਫੈਸ਼ਨ ਤਕਨਾਲੋਜੀ/ਗਾਰਮੈਂਟ ਡਿਜ਼ਾਈਨਿੰਗ)**
**ਭਾਗ ਦੂਜਾ ਅਤੇ ਤੀਜਾ 28200/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **12750/-**
ਦੂਜੀ ਕਿਸ਼ਤ: **7950/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **7500/-** + ਪ੍ਰੀਖਿਆ ਫ਼ੀਸ

**ਪ੍ਰੋ. ਨੀਲਮ ਰਾਣੀ**
ਮੁਖੀ
ਸੰਪਰਕ ਨੰਬਰ
94170-27205
98764-01505

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

# ਪੋਸਟ-ਗ੍ਰੈਜੂਏਟ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ

ਪੋਸਟ–ਗ੍ਰੈਜੂਏਟ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ ਦੀ ਸਥਾਪਨਾ 2013 ਵਿੱਚ ਕੀਤੀ ਗਈ। ਇਸ ਵਿਭਾਗ ਦੇ ਮੂਲ ਉਦੇਸ਼ ਸਿੱਖਿਆ, ਖੋਜ ਅਤੇ ਸਹਿ–ਸਰਗਰਮੀਆਂ ਦੁਆਰਾ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਵਿਦਿਆਰਥੀਆਂ ਵਿੱਚ ਇਸ ਵਿਸ਼ੇ ਸੰਬੰਧੀ ਗਿਆਨ, ਹੁਨਰ ਅਤੇ ਪੇਸ਼ੇਵਰ ਮੁੱਲਾਂ ਦਾ ਵਾਧਾ ਕਰਨਾ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਵਿਸ਼ਾ ਖੇਤਰ ਦਾ ਖੋਜ, ਨਵੇਂ ਗਿਆਨ ਅਤੇ ਅਭਿਆਸ ਵਿਧੀਆਂ ਰਾਹੀਂ ਵਿਸਥਾਰ ਕਰਨਾ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਵਿਦਿਆਰਥੀਆਂ ਵਿਚ ਵਿਸ਼ਾ–ਗਿਆਨ, ਕੌਸ਼ਲ, ਵਿਸ਼ਲੇਸ਼ਣਾਤਮਕ ਹੁਨਰ ਅਤੇ ਰਚਨਾਤਮਕ ਸੋਚ ਪੈਦਾ ਕਰਨੀ, ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਬਹੁਪੱਖੀ ਵਿਕਾਸ ਕਰਕੇ ਉਹਨਾਂ ਨੂੰ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਖੇਤਰ ਵਿੱਚ ਕੁਸ਼ਲ ਪੇਸ਼ੇਵਰ ਦੇ ਤੌਰ ’ਤੇ ਸੇਵਾਵਾਂ ਨਿਭਾਉਣ ਦੇ ਕਾਬਲ ਬਣਾਉਣਾ, ਵਿਦਿਆਰਥੀਆਂ ਨੂੰ ਸੂਚਨਾ ਅਤੇ ਮੀਡੀਆ ਮਾਹਿਰ ਦੇ ਤੌਰ ’ਤੇ ਤਿਆਰ ਕਰਨਾ ਅਤੇ ਵਿਦਿਆਰਥੀਆਂ ਵਿਚ ਨੈਤਿਕ ਕਦਰਾਂ–ਕੀਮਤਾਂ, ਸਮਾਜ ਪ੍ਰਤੀ ਸਮਰਪਣ ਅਤੇ ਸੇਵਾ ਦੀ ਭਾਵਨਾ ਪੈਦਾ ਕਰਨਾ ਹੈ। ਇਸ ਵਿਭਾਗ ਦੇ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਸੂਚੀ ਵਿੱਚ ਪੁਜੀਸ਼ਨਾਂ ਹਾਸਿਲ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੇ ਹਨ।











| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਐੱਮ.ਲਿਬ. | ਇਕ ਸਾਲ | ਬੀ.ਲਿਬ ਵਿੱਚ 50% ਅੰਕ |
| ਬੀ.ਲਿਬ. | ਇਕ ਸਾਲ | ਗ੍ਰੈਜੂਏਸ਼ਨ ਵਿੱਚ 50% ਅੰਕ |

ਨੋਟ: ਐੱਮ.ਲਿਬ. ਅਤੇ ਬੀ.ਲਿਬ. ਦੇ ਪ੍ਰੋਗਰਾਮ ਲਈ ਵਿਦਿਆਰਥੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚੋਂ ਕੋਈ ਵੀ ਮਾਧਿਅਮ ਰੱਖ ਸਕਦੇ ਹਨ।

## ਫ਼ੀਸ ਵੇਰਵਾ

**ਐੱਮ.ਲਿਬ. 22800/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **10600/-**
ਦੂਜੀ ਕਿਸ਼ਤ: **6200/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ : **6000/-** + ਪ੍ਰੀਖਿਆ ਫ਼ੀਸ

**ਬੀ.ਲਿਬ 17700/-** + ਪ੍ਰੀਖਿਆ ਫ਼ੀਸ
ਪਹਿਲੀ ਕਿਸ਼ਤ : **6300/-**
ਦੂਜੀ ਕਿਸ਼ਤ : **5700/-** + ਪ੍ਰੀਖਿਆ ਫ਼ੀਸ
ਤੀਜੀ ਕਿਸ਼ਤ: **5700/-** + ਪ੍ਰੀਖਿਆ ਫ਼ੀਸ

**ਡਾ. ਹਰਵਿੰਦਰਜੀਤ ਸਿੰਘ**
ਮੁਖੀ
ਸੰਪਰਕ ਨੰਬਰ 82880-10203

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments

ਗੁਰੂ ਨਾਨਕ ਕਾਲਜ ਬੁਢਲਾਡਾ ਦਾ ਆਰਟਸ ਵਿਭਾਗ 1971 ਤੋਂ ਇਸ ਸੰਸਥਾ ਵਿੱਚ ਕਾਰਜਸ਼ੀਲ ਹੈ। ਇਹ ਵਿਭਾਗ ਵਿਭਿੰਨ ਵਿਸ਼ਿਆਂ ਵਿੱਚ ਜਿਵੇਂ ਕਿ ਅਰਥ-ਸ਼ਾਸਤਰ, ਇਤਿਹਾਸ, ਗਣਿਤ, ਹਿੰਦੀ ਸਾਹਿਤ, ਪੰਜਾਬੀ ਸਾਹਿਤ, ਅੰਗਰੇਜ਼ੀ ਸਾਹਿਤ, ਸੰਗੀਤ ਗਾਇਨ, ਲੋਕ ਪ੍ਰਸ਼ਾਸਨ, ਰਾਜਨੀਤੀ ਸ਼ਾਸਤਰ, ਸਮਾਜ-ਵਿਗਿਆਨ, ਸੁਰੱਖਿਆ ਅਤੇ ਯੁੱਧਨੀਤੀ ਅਧਿਐਨ, ਸਰੀਰਕ ਸਿੱਖਿਆ, ਧਰਮ ਅਧਿਐਨ, ਹੋਮ ਸਾਇੰਸ, ਫੈਸ਼ਨ ਤਕਨਾਲੋਜੀ, ਫਾਈਨ ਆਰਟ ਅਤੇ ਕੰਪਿਊਟਰ ਵਿੱਚ ਤਿੰਨ ਸਾਲਾਂ ਡਿਗਰੀ ਕੋਰਸ ਚਲਾ ਰਿਹਾ ਹੈ। ਇਹ ਵਿਭਾਗ ਆਪਣੀਆਂ ਉੱਤਮ ਅਧਿਆਪਨ ਅਤੇ ਅਧਿਐਨ ਸੇਵਾਵਾਂ ਕਾਲਜ ਅਤੇ ਸਮਾਜ ਨੂੰ ਦੇਣ ਲਈ ਵਚਨਬੱਧ ਹੈ। ਇਹ ਵਿਭਾਗ ਕਾਲਜ ਦੇ ਮੰਤਵ ਅਤੇ ਉਦੇਸ਼ ਰਾਹੀਂ ਰਚਨਾਤਮਕ ਮੌਕੇ ਪ੍ਰਦਾਨ ਕਰਕੇ ਵਿਦਿਆਰਥੀਆਂ ਨੂੰ ਸੱਭਿਅਕ ਤੌਰ ਤੇ ਪੜ੍ਹੇ ਲਿਖੇ ਬਣਾ ਕੇ, ਉਨ੍ਹਾਂ ਵਿੱਚ ਸਿਰਜਨਾਤਮਕ ਸੋਚ, ਸੰਚਾਰ ਯੋਗਤਾ ਅਤੇ ਸੁਹਜਾਤਮਕ ਸੂਝ ਪੈਦਾ ਕਰਦਾ ਹੈ। ਇਹ ਵਿਭਾਗ ਨਾ ਸਿਰਫ਼ ਵਾਧੂ ਪਾਠਕ੍ਰਮ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ, ਬਲਕਿ ਸੈਮੀਨਾਰਾਂ, ਕਾਨਫਰੰਸਾਂ, ਵਰਕਸ਼ਾਪਾਂ ਅਤੇ ਲੈਕਚਰਾਂ ਰਾਹੀਂ ਵਿਦਿਆਰਥੀਆਂ ਨੂੰ ਉੱਘੀਆਂ ਸ਼ਖਸੀਅਤਾਂ ਨਾਲ ਰੂ-ਬ-ਰੂ ਵੀ ਕਰਵਾਉਂਦਾ ਹੈ।

| ਕੋਰਸ ਦਾ ਨਾਮ | ਕੋਰਸ ਦਾ ਸਮਾਂ | ਯੋਗਤਾ |
|---|---|---|
| ਬੀ.ਏ. | ਤਿੰਨ ਸਾਲ | 10+2 ਕਿਸੇ ਵੀ ਵਿਸ਼ਿਆਂ ਨਾਲ |

## ਬੀ.ਏ. ਭਾਗ ਪਹਿਲਾ

### ਵਿਸ਼ਾ ਸੁਮੇਲਤਾ

ਲਾਜ਼ਮੀ ਵਿਸ਼ੇ:

1. ਪੰਜਾਬੀ ਲਾਜ਼ਮੀ/ਮੁੱਢਲਾ ਗਿਆਨ
2. ਅੰਗਰੇਜ਼ੀ ਲਾਜ਼ਮੀ

ਚੋਣਵੇਂ ਵਿਸ਼ੇ:

**ਹਰੇਕ ਵਿਦਿਆਰਥੀ ਚੋਣਵੇਂ ਵਿਸ਼ਿਆਂ ਦੇ ਸਾਹਮਣੇ ਦਿੱਤੇ ਅੱਠ ਵਿਸ਼ਾ-ਜੁੱਟਾਂ ਵਿਚੋਂ ਕੋਈ ਵੀ ਤਿੰਨ ਵਿਸ਼ੇ ਚੁਣੇਗਾ। ਕਿਸੇ ਵੀ ਇੱਕ ਜੁੱਟ ਵਿਚੋਂ ਇੱਕ ਵਿਸ਼ਾ ਹੀ ਚੁਣਿਆ ਜਾ ਸਕਦਾ ਹੈ।**

## ਬੀ.ਏ. ਭਾਗ ਦੂਜਾ ਅਤੇ ਤੀਜਾ

ਬੀ. ਏ. ਭਾਗ ਪਹਿਲਾ ਵਿੱਚ ਪੜ੍ਹੇ ਗਏ ਵਿਸ਼ੇ ਹੀ ਰੱਖੇ ਜਾਣਗੇ।

**ਪ੍ਰੀਖਿਆ ਯੋਗਤਾ: ਬੀ. ਏ. ਭਾਗ ਪਹਿਲਾ (ਸਮੈਸਟਰ- ਦੂਜਾ)**

ਨਸ਼ਿਆਂ ਦੀ ਦੁਰਵਰਤੋਂ : ਸਮੱਸਿਆ, ਪ੍ਰਬੰਧਨ ਅਤੇ ਰੋਕਥਾਮ

**ਪ੍ਰੀਖਿਆ ਯੋਗਤਾ: ਬੀ. ਏ. ਭਾਗ ਦੂਜਾ (ਸਮੈਸਟਰ- ਤੀਜਾ)**

ਵਾਤਾਵਰਨ ਅਤੇ ਸੜਕ ਸੁਰੱਖਿਆ ਜਾਗਰੂਕਤਾ

## ਯੂਨੀਵਰਸਿਟੀ ਵਿਸ਼ਾ ਸੁਮੇਲਤਾ

**ਗਰੁੱਪ ੳ**
- ਸੁਰੱਖਿਆ ਅਤੇ ਯੁੱਧਨੀਤੀ ਅਧਿਐਨ
- ਅਰਥ ਸ਼ਾਸਤਰ
- ਫਾਈਨ ਆਰਟਸ

**ਗਰੁੱਪ ਅ**
- ਇਤਿਹਾਸ
- ਗਣਿਤ

**ਗਰੁੱਪ ੲ**
- ਪੰਜਾਬੀ ਸਾਹਿਤ
- ਹਿੰਦੀ ਸਾਹਿਤ
- ਅੰਗਰੇਜ਼ੀ ਸਾਹਿਤ

**ਗਰੁੱਪ ਸ**
- ਸਮਾਜ ਸ਼ਾਸਤਰ

**ਗਰੁੱਪ ਹ**
- ਸੰਗੀਤ ਗਾਇਨ
- ਕੰਪਿਊਟਰ ਐਪਲੀਕੇਸ਼ਨ

**ਗਰੁੱਪ ਕ**
- ਗ੍ਰਹਿ ਵਿਗਿਆਨ
- ਸਰੀਰਕ ਸਿੱਖਿਆ
- ਲੋਕ ਪ੍ਰਸ਼ਾਸਨ

**ਗਰੁੱਪ ਖ**
- ਧਰਮ ਅਧਿਐਨ
- ਫੈਸ਼ਨ ਤਕਨਾਲੋਜੀ

**ਗਰੁੱਪ ਗ**
- ਰਾਜਨੀਤੀ ਸ਼ਾਸਤਰ

## ਫ਼ੀਸ ਵੇਰਵਾ

| ਬੀ.ਏ. (ਭਾਗ ਪਹਿਲਾ) | 16900/- + ਪ੍ਰੀਖਿਆ ਫ਼ੀਸ | ਬੀ.ਏ. (ਭਾਗ ਦੂਜਾ ਅਤੇ ਤੀਜਾ) | 16400/- + ਪ੍ਰੀਖਿਆ ਫ਼ੀਸ |
|---|---|---|---|
| ਪਹਿਲੀ ਕਿਸ਼ਤ : | 6000/- | ਪਹਿਲੀ ਕਿਸ਼ਤ : | 5500/- |
| ਦੂਜੀ ਕਿਸ਼ਤ : | 5450/- + ਪ੍ਰੀਖਿਆ ਫ਼ੀਸ | ਦੂਜੀ ਕਿਸ਼ਤ : | 5450/- + ਪ੍ਰੀਖਿਆ ਫ਼ੀਸ |
| ਤੀਜੀ ਕਿਸ਼ਤ: | 5450/- + ਪ੍ਰੀਖਿਆ ਫ਼ੀਸ | ਤੀਜੀ ਕਿਸ਼ਤ: | 5450/- + ਪ੍ਰੀਖਿਆ ਫ਼ੀਸ |

## ਕਲਾਸ ਇੰਚਾਰਜ

ਬੀ.ਏ. ਭਾਗ ਪਹਿਲਾ
**ਗੁਰਦੀਪ ਸਿੰਘ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
62804-77383

ਬੀ.ਏ. ਭਾਗ ਦੂਜਾ
**ਡਾ. ਜਗਦੀਪ ਸਿੰਘ**
ਸਹਾਇਕ ਪ੍ਰੋਫੈਸਰ, ਅਰਥ ਸ਼ਾਸਤਰ ਵਿਭਾਗ
98764-52299

ਬੀ.ਏ. ਭਾਗ ਤੀਜਾ
**ਡਾ. ਰੁਪਿੰਦਰਜੀਤ ਕੌਰ**
ਸਹਾਇਕ ਪ੍ਰੋਫੈਸਰ, ਅੰਗਰੇਜ਼ੀ ਵਿਭਾਗ
94177-29901

ਵਿਭਾਗ ਅਤੇ ਕੋਰਸ ਦੀ ਵਧੇਰੇ ਜਾਣਕਾਰੀ ਲਈ ਇਸ ਕੋਡ ਨੂੰ ਸਕੈਨ ਕਰੋ:
https://gncbudhlada.org/departments


gnc_official01 budhladagurunanakcollege www.gncbudhlada.org

## ਦਾਖ਼ਲਾ ਨਿਯਮ:

**1.** ਦਾਖ਼ਲਾ ਕਾਲਜ/ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ/ਯੂ.ਜੀ.ਸੀ. ਦੇ ਨਿਯਮਾਂ/ਹਦਾਇਤਾਂ ਅਨੁਸਾਰ ਕੀਤਾ ਜਾਵੇਗਾ।

**2.** ਹਰੇਕ ਉਮੀਦਵਾਰ ਦਾਖ਼ਲਾ ਫਾਰਮ ਭਰੇਗਾ। ਪੰਜਾਬ ਸਰਕਾਰ ਦੇ ਪੋਰਟਲ 'ਤੇ ਵੀ ਰਜਿਸਟਰ ਹੋਵੇਗਾ ਅਤੇ **ABC ID** ਬਣਾਉਣੀ ਜ਼ਰੂਰੀ ਹੈ।

**3.** ਦਾਖ਼ਲੇ ਲਈ ਹੇਠ ਲਿਖੇ ਦਸਤਾਵੇਜ਼ ਦਾਖ਼ਲਾ ਫਾਰਮ ਦੀ ਪ੍ਰਿੰਟ ਕੀਤੀ ਕਾਪੀ ਨਾਲ ਨੱਥੀ ਕਰਨੇ ਜ਼ਰੂਰੀ ਹਨ ਅਤੇ ਕਾਲਜ ਦਫ਼ਤਰ/ਵਿਦਿਆਰਥੀ ਸੁਵਿਧਾ ਕੇਂਦਰ ਵਿੱਚ ਜਮ੍ਹਾਂ ਕਰਾਉਣੇ ਹਨ:

- ਰਿਹਾਇਸ਼ ਦਾ ਸਬੂਤ
- ਆਧਾਰ ਕਾਰਡ
- ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਜਾਤੀ ਸਰਟੀਫ਼ਿਕੇਟ
- ਪਾਸਪੋਰਟ ਆਕਾਰ ਦੀਆਂ ਚਾਰ ਰੰਗੀਨ ਫ਼ੋਟੋਆਂ
- ਦਸਵੀਂ ਦੇ ਸਰਟੀਫ਼ਿਕੇਟ ਦੀ ਫ਼ੋਟੋ ਕਾਪੀ
- ਬਾਰ੍ਹਵੀਂ ਦੀ ਪ੍ਰੀਖਿਆ ਦੇ ਨਤੀਜਾ ਕਾਰਡ ਦੀ ਫ਼ੋਟੋ ਕਾਪੀ
- ਚਰਿੱਤਰ ਸਰਟੀਫ਼ਿਕੇਟ
- ਜੇ ਪੜ੍ਹਾਈ ਵਿੱਚ ਕੋਈ ਗੈਪ ਹੈ ਤਾਂ ਗੈਪ ਸਾਲ ਦਾ ਸਵੈ-ਪ੍ਰਮਾਣਿਤ ਸਰਟੀਫ਼ਿਕੇਟ
- ਰਾਖਵੀਂ ਸ਼੍ਰੇਣੀ/ਉਪ-ਸ਼੍ਰੇਣੀ ਦਾ ਸਰਟੀਫ਼ਿਕੇਟ (ਸਮਰੱਥ ਅਥਾਰਟੀ ਤੋਂ)
- ਬਕਾਇਆ ਫ਼ੀਸਾਂ ਅਤੇ ਫੰਡਾਂ ਦੇ ਭੁਗਤਾਨ ਦਾ ਵਾਅਦਾ ਕਰਨ ਵਾਲਾ ਸਵੈ-ਪ੍ਰਮਾਣਿਤ ਹਲਫ਼ਨਾਮਾ।
- ਮੁੱਢਲੇ ਗਿਆਨ (ਪੰਜਾਬੀ) ਦੀ ਚੋਣ ਕਰਨ ਲਈ ਸਵੈ-ਪ੍ਰਮਾਣਿਤ ਹਲਫ਼ਨਾਮਾ।

**4.** ਮਾਈਗ੍ਰੇਸ਼ਨ ਸਰਟੀਫਿਕੇਟ ਬਾਹਰਲੇ ਬੋਰਡ/ਗ੍ਰੈਜੂਏਸ਼ਨ ਵਾਲੇ ਵਿਦਿਆਰਥੀਆਂ ਨੂੰ ਆਪਣੀ ਅਸਲ ਮਾਇਗਰੇਸ਼ਨ ਅਤੇ ਡੀ.ਐਮ.ਸੀ. ਯੂਨੀਵਰਸਿਟੀ/ਕਾਲਜ ਦੇ ਨਿਯਮਾਂ ਮੁਤਾਬਿਕ ਜਮ੍ਹਾਂ ਕਰਵਾਉਣੇ ਹੋਣਗੇ, ਅਜਿਹਾ ਨਾ ਕਰਨ ਕਰਕੇ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਇਸ ਤੋਂ ਬਾਅਦ ਯੂਨੀਵਰਸਿਟੀ/ਕਾਲਜ ਨਿਯਮਾਂ ਅਨੁਸਾਰ ਬਣਦੀ ਲੇਟ ਫੀਸ ਨਾਲ ਹੀ ਮਾਇਗ੍ਰੇਸ਼ਨ ਅਤੇ ਡੀ.ਐੱਮ.ਸੀ. ਜਮ੍ਹਾਂ ਕਰਵਾਏ ਜਾਣਗੇ।

**5.** ਸਮੈਸਟਰ ਤੀਜਾ/ਪੰਜਵਾਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪਹਿਲੇ ਤੇ ਦੂਜੇ/ਤੀਜੇ ਅਤੇ ਚੌਥੇ ਸਮੈਸਟਰਾਂ ਵਿੱਚੋਂ 50% ਪੇਪਰ ਪਾਸ ਕਰਨੇ ਜ਼ਰੂਰੀ ਹੋਣਗੇ। ਜੇਕਰ ਦਾਖ਼ਲੇ ਸਮੇਂ ਦੂਜੇ/ਚੌਥੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਉਨ੍ਹਾਂ ਨੂੰ ਦਾਖ਼ਲਾ ਆਰਜ਼ੀ ਤੌਰ ਦੇ ਦਿੱਤਾ ਜਾਵੇਗਾ। ਦੂਜੇ/ਚੌਥੇ ਸਮੈਸਟਰ ਦਾ ਨਤੀਜਾ ਆਉਣ 'ਤੇ ਜੇਕਰ ਵਿਦਿਆਰਥੀ 50% ਪੇਪਰਾਂ ਵਿੱਚੋਂ ਪਾਸ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਹ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇ ਤੀਜੇ/ਪੰਜਵੇਂ ਸਮੈਸਟਰ ਦੀ ਪ੍ਰੀਖਿਆ ਨਹੀਂ ਦੇ ਸਕੇਗਾ। ਭਰੀ ਹੋਈ ਫੀਸ ਕਿਸੇ ਵੀ ਹਾਲਤ ਵਿਚ ਵਾਪਸ ਨਹੀਂ ਕੀਤੀ ਜਾਵੇਗੀ।

**6.** ਜੇਕਰ ਪੰਜਾਬੀ ਯੂਨੀਵਰਸਿਟੀ/ਕਾਲਜ ਬਾਰ੍ਹਵੀਂ ਵਿਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖ਼ਲੇ ਦੀ ਪ੍ਰਵਾਨਗੀ ਦਿੰਦਾ ਹੈ ਤਾਂ ਬਾਰ੍ਹਵੀਂ ਵਿਚੋਂ ਰੀ-ਅਪੀਅਰ ਵਾਲੇ ਵਿਦਿਆਰਥੀ ਨੂੰ ਬੀ.ਏ. ਭਾਗ ਪਹਿਲਾ ਵਿਚ ਹੀ ਰੀ-ਅਪੀਅਰ ਕਲੀਅਰ ਕਰਨੀ ਹੋਵੇਗੀ, ਨਹੀਂ ਤਾਂ ਬੀ.ਏ.ਭਾਗ ਦੂਜਾ ਵਿਚ ਦਾਖ਼ਲੇ ਲਈ ਉਹ ਅਯੋਗ ਸਮਝਿਆ ਜਾਵੇਗਾ।

**7.** ਜੇਕਰ ਪੰਜਾਬੀ ਯੂਨੀਵਰਸਿਟੀ/ਕਾਲਜ ਬੀ.ਏ. ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਆਗਿਆ ਦਿੰਦੀ ਹੈ ਤਾਂ ਉਸ ਨੂੰ ਆਪਣੀ ਰੀ-ਅਪੀਅਰ ਐੱਮ.ਏ. ਜਾਂ ਐੱਮ.ਐੱਸਸੀ. ਭਾਗ ਪਹਿਲਾ ਵਿਚ ਹੀ ਕਲੀਅਰ ਕਰਨੀ ਹੋਵੇਗੀ, ਨਹੀਂ ਤਾਂ ਐੱਮ.ਏ. ਜਾਂ ਐੱਮ.ਐੱਸਸੀ. ਭਾਗ ਦੂਜਾ ਦੇ ਦਾਖ਼ਲੇ ਲਈ ਉਹ ਅਯੋਗ ਸਮਝਿਆ ਜਾਵੇਗਾ।

**8.** ਵਿਦਿਆਰਥੀ ਦਾਖ਼ਲਾ ਫਾਰਮ ਭਰਨਗੇ ਅਤੇ ਹਰ ਸਾਲ ਦੀ ਸ਼ੁਰੂਆਤ ਤੋਂ ਪਹਿਲਾਂ ਕਾਲਜ ਵਿੱਚ ਆਪਣੇ ਆਪ ਨੂੰ ਰਜਿਸਟਰਡ ਕਰਨਗੇ। ਇਸ ਤੋਂ ਬਿਨਾਂ ਕਿਸੇ ਵੀ ਵਿਦਿਆਰਥੀ ਨੂੰ ਕਲਾਸਾਂ 'ਚ ਸ਼ਾਮਲ ਹੋਣ ਦੀ ਇਜ਼ਾਜਤ ਨਹੀਂ ਹੋਵੇਗੀ।

**9.** ਬਿਨਾਂ ਕੋਈ ਕਾਰਨ ਦੱਸੇ, ਦਾਖ਼ਲਾ ਲੈਣ ਵਾਲੇ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਰੱਦ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੋਵੇਗਾ।

**10.** ਸੈਸ਼ਨ ਦੇ ਪਹਿਲੇ ਹਫ਼ਤੇ ਦੌਰਾਨ ਨਿਯਮਤ ਹਾਜ਼ਰੀ ਲਾਜ਼ਮੀ ਹੋਵੇਗੀ। ਗੈਰ-ਹਾਜ਼ਿਰ ਰਹਿਣ ਵਾਲੇ ਵਿਦਿਆਰਥੀਆਂ ਦੀਆਂ ਸੀਟਾਂ ਕੈਂਸਲ ਕੀਤੀਆ ਜਾ ਸਕਦੀਆ ਹਨ ਅਤੇ ਉਨ੍ਹਾਂ ਦੁਆਰਾ ਅਦਾ ਕੀਤੀ ਫ਼ੀਸ ਅਤੇ ਫੰਡ ਜ਼ਬਤ ਕਰ ਲਏ ਜਾਣਗੇ। ਅਜਿਹੀਆਂ ਖਾਲੀ ਸੀਟਾਂ ਅਗਲੇ ਉਮੀਦਵਾਰ ਨੂੰ ਮੈਰਿਟ ਦੇ ਆਧਾਰ ਤੇ ਪੇਸ਼ ਕੀਤੀਆਂ ਜਾਣਗੀਆਂ।

**11.** ਵਿਦਿਆਰਥੀ ਦੀ ਮੈਰਿਟ ਬਾਰੇ ਦਾਖ਼ਲਾ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ। ਕਮੇਟੀ ਕਿਸੇ ਵੀ ਉਮੀਦਵਾਰ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕਰ ਸਕਦੀ ਹੈ।

**12.** ਗਲਤ ਬਿਆਨ ਜਾਂ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਜਾਂ ਕੋਈ ਜਾਣਕਾਰੀ ਛੁਪਾਉਣ ਵਾਲੇ ਵਿਦਿਆਰਥੀ ਤੇ ਅਨੁਸ਼ਾਸਨੀ ਕਾਰਵਾਈ ਹੋਵੇਗੀ।

**13.** ਸੰਸਥਾ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ/ਯੂ.ਜੀ.ਸੀ. ਵੱਲੋਂ ਬਣਾਈ ਰਾਖਵਾਂਕਰਨ ਨੀਤੀ ਦੀ ਪਾਲਣਾ ਕਰੇਗੀ।

## ਹਦਾਇਤਾਂ:

1. ਸੰਸਥਾ ਵਿੱਚ ਰੈਗਿੰਗ ਦੀ ਸਖ਼ਤ ਮਨਾਹੀ ਹੈ। ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਰੈਗਿੰਗ ਕਾਨੂੰਨੀ ਅਪਰਾਧ ਹੈ। ਕਿਸੇ ਵੀ ਸਮੱਸਿਆ ਦੀ ਸੂਰਤ ਵਿੱਚ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਐਂਟੀ ਰੈਗਿੰਗ ਸੈੱਲ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰਨ।
2. ਵਿਦਿਆਰਥੀ ਸੰਸਥਾ ਦੇ ਨਿਯਮਾਂ ਅਨੁਸਾਰ ਐਨ.ਸੀ.ਸੀ./ਐੱਨ.ਐੱਸ.ਐੱਸ./ ਹੋਰ ਸੁਸਾਇਟੀਆਂ ਅਤੇ ਕਲੱਬਾਂ ਵਿੱਚ ਸਵੈ-ਇੱਛਾ ਨਾਲ ਕੰਮ ਕਰ ਸਕਦੇ ਹਨ।
3. ਕਾਲਜ ਨਿਯਮਾਂ ਅਨੁਸਾਰ ਵਿਦਿਆਰਥੀ ਦੇ ਕੁੱਲ ਲੈਕਚਰਾਂ ਵਿੱਚੋਂ 75 ਪ੍ਰਤੀਸ਼ਤ ਹਾਜ਼ਰੀ ਹੋਣੀ ਜ਼ਰੂਰੀ ਹੈ ਅਤੇ ਐੱਮ.ਐੱਸ.ਟੀ./ ਘਰੇਲੂ ਪ੍ਰੀਖਿਆਵਾਂ ਦੇਣੀਆਂ ਜ਼ਰੂਰੀ ਹਨ। ਯੂਨੀਵਰਸਿਟੀ/ਰਾਜ/ਰਾਸ਼ਟਰੀ ਖੇਡ ਸਮਾਗਮਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਸੰਸਥਾ ਦੀ ਨੁਮਾਇੰਦਗੀ ਕਰਨ ਵਾਲੇ ਵਿਦਿਆਰਥੀਆਂ ਦੀ ਹਾਜ਼ਰੀਆਂ ਦੀ ਘਾਟ ਨੂੰ ਪ੍ਰਿੰਸੀਪਲ ਦੀ ਅਗਾਊਂ ਇਜ਼ਾਜਤ ਨਾਲ ਨਿਯਮਾਂ ਅਨੁਸਾਰ ਮੁਆਫ਼ ਕੀਤਾ ਜਾਵੇਗਾ।
4. ਓਡ/ਈਵਨ ਸਮੈਸਟਰ (ਪਹਿਲੇ ਸਮੈਸਟਰ ਨੂੰ ਛੱਡ ਕੇ) ਦੇ ਵਿਦਿਆਰਥੀਆਂ ਨੂੰ ਕਾਲਜ ਕੋਲ ਰਜਿਸਟਰ ਕਰਨਾ ਹੋਵੇਗਾ ਅਤੇ ਦਿੱਤੀਆਂ ਮਿਤੀਆਂ ਸੈਸ਼ਨ ਦੀ ਸ਼ੁਰੂਆਤ 'ਤੇ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਨਿਰਧਾਰਿਤ ਮਿਤੀਆਂ ਤੋਂ ਬਾਅਦ, ਲੇਟ ਫੀਸ ਕਾਲਜ ਦੀ ਨੀਤੀ ਅਨੁਸਾਰ ਵਸੂਲੀ ਜਾਵੇਗੀ।
5. ਕਾਲਜ ਕੈਂਪਸ ਵਿੱਚ ਬੰਦੂਕ, ਰਿਵਾਲਵਰ ਜਾਂ ਹੋਰ ਤੇਜ਼ਧਾਰ ਹਥਿਆਰਾਂ ਵਰਗੇ ਘਾਤਕ ਹਥਿਆਰ ਲਿਆਉਣ ਦੀ ਸਖ਼ਤ ਮਨਾਹੀ ਹੈ।
6. ਕਾਲਜ ਵਿੱਚ ਨਸ਼ਿਆਂ ਦੀ ਸਖ਼ਤ ਮਨਾਹੀ ਹੈ।
7. ਕਲਾਸ ਰੂਮਾਂ/ਪ੍ਰਯੋਗਸ਼ਾਲਾ ਦੇ ਅੰਦਰ ਮੋਬਾਈਲ ਫ਼ੋਨ ਦੀ ਵਰਤੋਂ ਦੀ ਆਗਿਆ ਨਹੀਂ ਹੋਵੇਗੀ। ਇਸ ਦੀ ਉਲੰਘਣਾ ਕਰਨ 'ਤੇ 100 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ।
8. ਜਿਹੜੇ ਵਿਦਿਆਰਥੀ ਬਿਨਾਂ ਅਗਾਊਂ ਇਜ਼ਾਜਤ ਦੇ ਲਗਾਤਾਰ 10 ਦਿਨਾਂ ਤੱਕ ਗੈਰ ਹਾਜ਼ਰ ਰਹਿੰਦੇ ਹਨ, ਉਨ੍ਹਾਂ ਦੇ ਨਾਮ ਕਾਲਜ ਚੋਂ ਕੱਟ ਦਿੱਤੇ ਜਾਣਗੇ।
9. ਕਾਲਜ ਦੀਆਂ ਵਿਦਿਆਰਥਣਾਂ ਦੁਪਹਿਰ 1.30 ਵਜੇ ਤੋਂ ਬਾਅਦ ਹੀ ਕਾਲਜ ਛੱਡ ਸਕਦੀਆਂ ਹਨ। ਜੇ ਕੋਈ ਵਿਦਿਆਰਥਣ ਜਲਦੀ ਜਾਣਾ ਚਾਹੁੰਦੀ ਹੈ, ਤਾਂ ਉਸ ਨੂੰ ਆਪਣੀ ਅਰਜ਼ੀ ਵਿਭਾਗ ਦੇ ਮੁਖੀ/ਇੰਚਾਰਜ ਤੋਂ ਦਸਤਖ਼ਤ ਕਰਾਉਣੀ ਜ਼ਰੂਰੀ ਹੈ।
10. ਮਾਪਿਆਂ/ਸਰਪ੍ਰਸਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਦੀ ਹਾਜ਼ਰੀ ਅਤੇ ਕਾਰਗੁਜ਼ਾਰੀ ਦੀ ਜਾਣਕਾਰੀ ਸਮੇਂ-ਸਮੇਂ ਕਾਲਜ ਵਿੱਚ ਪਹੁੰਚ ਕੇ ਪ੍ਰਾਪਤ ਕਰਦੇ ਰਹਿਣ।
11. ਜੇਕਰ ਕਿਸੇ ਵਿਦਿਆਰਥੀ ਨੇ ਪੜ੍ਹਾਈ ਅੱਧ ਵਿਚਕਾਰ ਛੱਡਣੀ ਹੈ ਤਾਂ ਉਹ ਵਿਦਿਆਰਥੀ ਸਵੈ-ਪ੍ਰਮਾਣਿਤ ਹਲਫ਼ਨਾਮਾ ਦੇਵੇਗਾ ਅਤੇ ਬਣਦੀ ਬਕਾਇਆ ਫ਼ੀਸ ਜਮ੍ਹਾਂ ਕਰਾਉਣ ਦਾ ਪਾਬੰਦ ਹੋਵੇਗਾ।

## ਪਾਰਕਿੰਗ ਲਈ ਨਿਯਮ:

1. ਵਿਦਿਆਰਥੀਆਂ ਨੂੰ ਕੈਂਪਸ ਵਿੱਚ ਕਾਰ/ਜੀਪ ਜਾਂ ਕੋਈ ਚਾਰ ਪਹੀਆ ਵਾਹਨ ਲਿਆਉਣ ਦੀ ਮਨਾਹੀ ਹੈ, ਸਿਰਫ਼ ਉਸਨੂੰ ਦੋ ਪਹੀਆ ਵਾਹਨਾਂ ਦੀ ਆਗਿਆ ਹੈ। ਵਾਹਨ ਦੀ ਚੋਰੀ ਜਾਂ ਕਿਸੇ ਕੀਮਤੀ ਸਮਾਨ ਦੀ ਚੋਰੀ ਹੋ ਜਾਣ ਤੇ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।

## ਫ਼ੀਸਾਂ ਸਬੰਧੀ ਨਿਯਮ:

1. ਨਿਰਧਾਰਿਤ ਫ਼ੀਸ ਕਾਲਜ ਦੇ ਨਿਯਮਾਂ ਅਨੁਸਾਰ ਭਰਨਯੋਗ ਹੋਵੇਗੀ। ਜੇਕਰ ਸੈਸ਼ਨ ਦੌਰਾਨ ਯੂਨੀਵਰਸਿਟੀ/ਕਾਲਜ ਜਾਂ ਸਰਕਾਰ ਫੀਸਾਂ ਵਿੱਚ ਕੋਈ ਤਬਦੀਲੀ ਕਰਦੀ ਹੈ ਤਾਂ ਸੋਧੀ ਹੋਈ ਫੀਸ ਲਾਗੂ ਹੋਵੇਗੀ ।
2. ਯੂ.ਜੀ.ਸੀ. ਦੁਆਰਾ ਸਪੌਂਸਰਡ ਐਡ-ਆੱਨ ਕੋਰਸ (ਸਪੋਕਨ ਇੰਗਲਿਸ਼, ਕੰਪਿਊਟਰ ਹਾਰਡਵੇਅਰ ਐਂਡ ਨੈੱਟਵਰਕਿੰਗ, ਫੈਸ਼ਨ ਡਿਜ਼ਾਇਨਿੰਗ ਅਤੇ ਵੈੱਬ ਡਿਜ਼ਾਇਨਿੰਗ ਆਦਿ) ਦੀ ਯੂਨੀਵਰਸਿਟੀ/ਕਾਲਜ/ਯੂ.ਜੀ.ਸੀ. ਦੁਆਰਾ ਨਿਰਧਾਰਿਤ ਕੀਤੀ ਫੀਸ ਹੀ ਵਸੂਲ ਕੀਤੀ ਜਾਵੇਗੀ।
3. ਬਾਹਰਲੀ ਯੂਨੀਵਰਸਿਟੀ/ਬੋਰਡ ਤੋਂ ਮਾਈਗਰੇਟ ਹੋਣ ਵਾਲੇ ਵਿਦਿਆਰਥੀਆਂ ਪਾਸੋਂ ਕਾਲਜ ਦੇ ਨਿਯਮਾਂ ਅਨੁਸਾਰ ਮਾਈਗ੍ਰੇਸ਼ਨ ਫ਼ੀਸ ਲਈ ਜਾਵੇਗੀ ਅਤੇ ਵਿਦਿਆਰਥੀ ਪਿਛਲੀ ਪਾਸ ਕੀਤੀ ਕਲਾਸ ਦਾ ਅਸਲੀ ਅੰਕ ਵੇਰਵਾ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਕਾਲਜ ਦੀ ਪ੍ਰੀਖਿਆ ਸ਼ਾਖਾ ਵੱਲੋਂ ਨਿਰਧਾਰਿਤ ਮਿਤੀਆਂ ਤੋਂ 10 ਦਿਨ ਪਹਿਲਾਂ ਤੱਕ ਹਰ ਹਾਲਤ ਵਿਚ ਦਫ਼ਤਰ ਕੋਲ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਦਾ ਦਾਖ਼ਲਾ ਰੱਦ ਸਮਝਿਆ ਜਾਵੇਗਾ।
4. ਵਿਦਿਆਰਥੀ ਦੁਆਰਾ ਜਮ੍ਹਾਂ ਫ਼ੀਸ ਅਤੇ ਫੰਡ ਯੂ.ਜੀ.ਸੀ./ਪੰਜਾਬੀ ਯੂਨੀਵਰਸਿਟੀ, ਪਟਿਆਲਾ/ਕਾਲਜ/ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹੀ ਵਾਪਸ ਕੀਤੇ ਜਾਣਗੇ।
5. ਫੀਸ ਦੀਆਂ ਤਿੰਨੋਂ ਕਿਸ਼ਤਾਂ ਕਾਲਜ ਵੱਲੋਂ ਨਿਰਧਾਰਿਤ ਕੀਤੀਆਂ ਮਿਤੀਆਂ ਅਨੁਸਾਰ ਹੀ ਭਰਨਯੋਗ ਹੋਣਗੀਆਂ। ਜਿਸ ਦੀ ਜਾਣਕਾਰੀ ਸੰਸਥਾ ਵੱਲੋਂ ਸਮੇਂ-ਸਮੇਂ ਸਿਰ ਨੋਟਿਸ ਬੋਰਡ ਰਾਹੀਂ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ।

## ਸਕਾਲਰਸ਼ਿਪ ਅਤੇ ਫਰੀਸ਼ਿਪ ਸਕੀਮ

**1. ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜ਼ੀਫਾ**

- ਫੰਡਿੰਗ ਏਜੰਸੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ
- ਯੋਗਤਾ : ਵਿਦਿਆਰਥੀ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ।
- ਵਿਦਿਆਰਥੀ ਕਾਲਜ ਵਿਖੇ ਸਕਾਲਰਸ਼ਿਪ ਸ਼ਾਖਾ ਵਿਚ (ਆਫ਼ਲਾਈਨ) ਅਪਲਾਈ ਕਰ ਸਕਦਾ ਹੈ।

**2. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ (ਘੱਟ ਗਿਣਤੀਆਂ ਲਈ)**

- ਫੰਡਿੰਗ ਏਜੰਸੀ : ਘੱਟ ਗਿਣਤੀ ਮਾਮਲਿਆਂ ਦਾ ਮੰਤਰਾਲਾ, ਭਾਰਤ ਸਰਕਾਰ
- ਯੋਗਤਾ: ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਵਿਦਿਆਰਥੀ ਦੀ ਆਮਦਨ 2.5 ਲੱਖ ਪ੍ਰਤੀ ਸਾਲਾਨਾ ਤੋਂ ਘੱਟ ਹੋਣੀ ਚਾਹੀਦੀ ਹੈ।
- **ਵਿਦਿਆਰਥੀ** www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**3. ਪ੍ਰੋਫੈਸ਼ਨਲ ਕੋਰਸ ਲਈ ਪੀ. ਜੀ. ਸਕਾਲਰਸ਼ਿਪ ਸਕੀਮ ( SC/ST ਵਿਦਿਆਰਥੀਆਂ ਲਈ )**

- ਫੰਡਿੰਗ ਏਜੰਸੀ : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ-ਯੋਗਤਾ : ਵਿਦਿਆਰਥੀ SC/ST ਸ਼੍ਰੇਣੀ ਨਾਲ ਸੰਬੰਧਤ ਹੋਣਾ ਚਾਹੀਦਾ ਹੈ। -ਵਿਦਿਆਰਥੀ www.scholarships.gov.in 'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।

**4.ਸਰੀਰਕ ਤੌਰ ਤੇ ਅਪਾਹਿਜ ਵਿਦਿਆਰਥੀਆਂ ਲਈ ਵਜ਼ੀਫਾ**-ਫੰਡਿੰਗ ਏਜੰਸੀ : ਅਪਾਹਿਜ ਵਿਅਕਤੀਆਂ ਦੇ ਸਸ਼ਕਤੀਕਰਨ ਵਿਭਾਗ, ਭਾਰਤ ਸਰਕਾਰ, ਯੋਗਤਾ : 40% ਅਤੇ ਇਸ ਤੋਂ ਵੱਧ ਅਪੰਗਤਾ ਵਾਲੇ ਵਿਦਿਆਰਥੀਆਂ ਦੀ ਆਮਦਨ 2.5 ਲੱਖ ਪ੍ਰਤੀ ਸਾਲ ਤੋਂ ਘੱਟ ਹੋਣੀ ਚਾਹੀਦੀ ਹੈ।
ਵਿਦਿਆਰਥੀ www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**5. ਮੈਰਿਟ-ਕਮ-ਮੀਨਸ ਸਕਾਲਰਸ਼ਿਪ ( ਪ੍ਰੋਫੈਸ਼ਨਲ ਅਤੇ ਟੈਕਨੀਕਲ ਕੋਰਸਾਂ ਲਈ)**
-ਫੰਡਿੰਗ ਏਜੰਸੀ : ਘੱਟ ਗਿਣਤੀ ਮਾਮਲਿਆਂ ਦਾ ਮੰਤਰਾਲਾ, ਭਾਰਤ ਸਰਕਾਰ, ਯੋਗਤਾ : ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਵਿਦਿਆਰਥੀ ਦੀ ਆਮਦਨ 2.5 ਲੱਖ ਪ੍ਰਤੀ ਸਾਲਾਨਾ ਤੋਂ ਘੱਟ ਹੋਣੀ ਚਾਹੀਦੀ ਹੈ। -ਵਿਦਿਆਰਥੀ www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**6. ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਜ਼ੀਫਾ ਦੀ ਕੇਂਦਰੀ ਖੇਤਰ ਯੋਜਨਾ (CSSS)**
-ਫੰਡਿੰਗ ਏਜੰਸੀ : ਮਨੁੱਖੀ ਸਰੋਤ ਵਿਕਾਸ ਮੰਤਰਾਲਾ, ਉੱਚ ਸਿੱਖਿਆ ਵਿਭਾਗ, ਭਾਰਤ ਸਰਕਾਰ, ਯੋਗਤਾ : ਵਿਦਿਆਰਥੀ ਨੂੰ 10+2 ਵਿਚ 80% ਅੰਕ ਹੋਣੇ ਚਾਹੀਦੇ ਹਨ ਅਤੇ 06 ਲੱਖ ਪ੍ਰਤੀ ਸਾਲ ਤੋਂ ਘੱਟ ਆਮਦਨ ਹੋਣੀ ਚਾਹੀਦੀ ਹੈ। -ਵਿਦਿਆਰਥੀ www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**7. ਪੋਸਟ-ਮੈਟ੍ਰਿਕ ਸਕਾਲਰਸ਼ਿਪ (SC / BC ਵਿਦਿਆਰਥੀਆਂ ਲਈ)**
-ਫੰਡਿੰਗ ਏਜੰਸੀ : ਭਲਾਈ ਵਿਭਾਗ SC / BC, ਭਾਰਤ ਸਰਕਾਰ, ਯੋਗਤਾ : ਵਿਦਿਆਰਥੀ ਲਾਜ਼ਮੀ ਤੌਰ 'ਤੇ SC ਜਾਂ BC ਸ਼੍ਰੇਣੀ ਨਾਲ ਸੰਬੰਧਤ ਹੋਵੇ ਅਤੇ ਉਸ ਦੀ ਸਾਲਾਨਾ ਆਮਦਨ 2.5 ਲੱਖ ਤੋਂ ਘੱਟ ਹੋਣੀ ਚਾਹੀਦੀ ਹੈ। -ਵਿਦਿਆਰਥੀ www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**8. ਪੋਸਟ-ਗ੍ਰੈਜੂਏਟ ਇੰਦਰਾ ਗਾਂਧੀ ਸਕਾਲਰਸ਼ਿਪ ( ਸਿੰਗਲ ਗਰਲ ਚਾਈਲਡ ਲਈ )**
-ਫੰਡਿੰਗ ਏਜੰਸੀ : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ, ਯੋਗਤਾ : ਵਿਦਿਆਰਥਣ ਸਿੰਗਲ ਗਰਲ ਚਾਈਲਡ ਹੋਣੀ ਚਾਹੀਦੀ ਹੈ ਅਤੇ ਉਹ ਸਿਰਫ਼ ਪੋਸਟ ਗ੍ਰੈਜੂਏਟ ਪਹਿਲੇ ਸਾਲ ਵਿਚ ਅਪਲਾਈ ਕਰ ਸਕਦੀ ਹੈ। -ਵਿਦਿਆਰਥੀ www.scholarships.gov.in **'ਤੇ (ਆਨਲਾਈਨ) ਅਪਲਾਈ ਕਰ ਸਕਦਾ ਹੈ।**

**9. ਧਾਰਮਿਕ ਪ੍ਰੀਖਿਆ ਵਿੱਚ ਪਹਿਲਾ ਸਥਾਨ ਪ੍ਰਾਪਤ ਵਿਦਿਆਰਥੀਆਂ ਲਈ ਵਜ਼ੀਫ਼ਾ**
- ਫੰਡਿੰਗ ਏਜੰਸੀ : ਫੰਡਿੰਗ ਏਜੰਸੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ
-ਯੋਗਤਾ : ਧਾਰਮਿਕ ਪ੍ਰੀਖਿਆ ਵਿਚ 60% ਜਾਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਲਈ
- ਵਿਦਿਆਰਥੀ ਕਾਲਜ ਵਿਖੇ ਸਕਾਲਰਸ਼ਿਪ ਸ਼ਾਖਾ ਵਿਚ (ਆਫ਼ਲਾਈਨ) ਅਪਲਾਈ ਕਰ ਸਕਦਾ ਹੈ।

**10. ਲੋੜਵੰਦ ਵਿਦਿਆਰਥੀਆਂ ਲਈ ਵਜ਼ੀਫ਼ਾ**
- ਫੰਡਿੰਗ ਏਜੰਸੀ : ਮਾਤਾ ਗੁਜਰੀ ਜੀ ਭਲਾਈ ਕੇਂਦਰ, ਬੁਢਲਾਡਾ
- ਯੋਗਤਾ : ਲੋੜਬੰਦ ਵਿਦਿਆਰਥੀ ( ਉਹਨਾਂ ਵਿਦਿਆਰਥੀਆਂ ਨੂੰ ਕੋਈ ਹੋਰ ਸਕਾਲਰਸ਼ਿਪ ਨਾ ਮਿਲਦੀ ਹੋਵੇ)
-ਵਿਦਿਆਰਥੀ ਕਾਲਜ ਵਿਖੇ ਸਕਾਲਰਸ਼ਿਪ ਸ਼ਾਖਾ ਵਿਚ (ਆਫ਼ਲਾਈਨ) ਅਪਲਾਈ ਕਰ ਸਕਦਾ ਹੈ।

**11. ਬਿੱਗ ਡਰੀਮ ਸਕਾਲਰਸ਼ਿਪ**
- ਫੰਡਿੰਗ ਏਜੰਸੀ : ਸਟੋਕਗਰੋ, ਯੋਗਤਾ : 10+2 ਵਿਚੋਂ 60% ਅੰਕ।

**12. ਬਲੂ ਸਟਾਰ ਸਕਾਲਰਸ਼ਿਪ ਸਕੀਮ**
-ਫੰਡਿੰਗ ਏਜੰਸੀ : ਬਲੂ ਸਟਾਰ ਫਾਉਂਡੇਸ਼ਨ, ਯੋਗਤਾ : 10+2 ਵਿਚੋਂ 80 % ਤੋਂ ਵੱਧ।

**13. ਰੋਲਸ ਰਾਏ ਸਕਾਲਰਸ਼ਿਪ ਸਕੀਮ ( ਕੇਵਲ BCA ਦੀਆਂ ਲੜਕੀਆਂ ਵਿਦਿਆਰਥਣਾਂ ਲਈ )**
- ਫੰਡਿੰਗ ਏਜੰਸੀ : ਰੋਲਸ ਰਾਏ ਇੰਡੀਆਂ Pvt. Ltd., ਯੋਗਤਾ : 10+2 ਵਿਚੋਂ 60 % ਅੰਕ ਅਤੇ ਸਾਲਾਨਾ 04 ਲੱਖ ਤੋਂ ਆਮਦਨ ਘੱਟ ਹੋਵੇ

**14. ਸਰਬੱਤ ਦਾ ਭਲਾ ਸਕਾਲਰਸ਼ਿਪ ਸਕੀਮ**
- ਫੰਡਿੰਗ ਏਜੰਸੀ : ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ, ਯੋਗਤਾ: ਵਿਦਿਆਰਥੀ ਆਰਥਿਕ ਤੌਰ ਤੇ ਪਛੜਿਆ ਹੋਵੇ ਅਤੇ ਸਕਾਲਰਸ਼ਿਪ ਟੈਸਟ ਵਿਚੋਂ 50 % ਅੰਕ ਹੋਣੇ ਚਾਹੀਦੇ ਹਨ।

**15. HDFC ਵਧਦੇ ਕਦਮ**
- ਫੰਡਿੰਗ ਏਜੰਸੀ : HDFC, ਯੋਗਤਾ : 10+2 ਵਿਚੋਂ 70 % ਤੋਂ ਵੱਧ ਅੰਕ ਅਤੇ ਸਾਲਾਨਾ 06 ਲੱਖ ਰੁਪਏ ਤੋਂ ਆਮਦਨ ਘੱਟ ਹੋਣੀ ਚਾਹੀਦੀ ਹੈ।

**16. ਸੀਤਾਰਾਮ ਜਿੰਦਲ ਸਕਾਲਰਸ਼ਿਪ**
- ਫੰਡਿੰਗ ਏਜੰਸੀ : ਸੀਤਾਰਾਮ ਜਿੰਦਲ ਫਾਉਡੇਸ਼ਨ, ਬੰਗਲੌਰ, ਯੋਗਤਾ : 10+2 ਵਿਚੋਂ 60 % ਤੋਂ ਵੱਧ ਅੰਕ ਅਤੇ ਸਾਲਾਨਾ 2.5 ਲੱਖ ਰੁਪਏ ਤੋਂ ਘੱਟ ਆਮਦਨ ਹੋਣੀ ਚਾਹੀਦੀ ਹੈ।

**17. LIC ਵਿਦਿਆਧਨ**
- ਫੰਡਿੰਗ ਏਜੰਸੀ : UGC, NEW Delhi, ਯੋਗਤਾ : 10+2 ਵਿਚੋਂ 60 % ਤੋਂ ਵੱਧ ਅੰਕ ਅਤੇ ਸਾਲਾਨਾ 03 ਲੱਖ ਰੁਪਏ ਤੋਂ ਘੱਟ ਆਮਦਨ ਹੋਣੀ ਚਾਹੀਦੀ ਹੈ।

**18. AICTE Swanath Scheme for BCA & BBA**
- ਫੰਡਿੰਗ ਏਜੰਸੀ : AICTE, ਯੋਗਤਾ : 10+2 ਵਿਚੋਂ 60 % ਤੋਂ ਵੱਧ ਅੰਕ ਅਤੇ ਸਾਲਾਨਾ 2.5 ਲੱਖ ਰੁਪਏ ਤੋਂ ਘੱਟ ਆਮਦਨ ਹੋਣੀ ਚਾਹੀਦੀ ਹੈ।

**19. ਇੰਸਪਾਇਰ ਸਕਾਲਰਸ਼ਿਪ ਸਕੀਮ B.Sc & M. Sc ਲਈ**
- ਫੰਡਿੰਗ ਏਜੰਸੀ : ਸਾਇੰਸ ਅਤੇ ਟੈਕਨੋਲੋਜੀ ਵਿਭਾਗ - ਯੋਗਤਾ : 10+2 ਵਿਚੋਂ 92.8 % ਤੋਂ ਵੱਧ ਅੰਕ ਹੋਣੇ ਚਾਹੀਦੇ ਹਨ।

**20. ਨੈਸ਼ਨਲ ਸਕਾਲਰਸ਼ਿਪ ਫਾਰ ਪੋਸਟ ਗ੍ਰੈਜੂਏਟ ਸਟੱਡੀਜ਼**
- ਫੰਡਿੰਗ ਏਜੰਸੀ : UGC, NEW Delhi, ਯੋਗਤਾ : 10+2 ਵਿਚੋਂ 80 % ਤੋਂ ਵੱਧ ਅੰਕ ਹੋਣੇ ਚਾਹੀਦੇ ਹਨ।

## ਟਰਾਂਸਪੋਰਟ ਸੁਵਿਧਾ (ਕੇਵਲ ਲੜਕੀਆਂ ਲਈ):

ਬੱਸ ਸਹੂਲਤ ਲੈਣ ਲਈ ਵਿਦਿਆਰਥੀ ਨੂੰ ਦਫ਼ਤਰ ਪਾਸੋਂ ਫਾਰਮ ਪ੍ਰਾਪਤ ਕਰਨ ਉਪਰੰਤ ਫਾਰਮ ਭਰ ਕੇ ਦਾਖ਼ਲਾ ਫਾਰਮ ਦੇ ਨਾਲ ਹੀ ਜਮ੍ਹਾਂ ਕਰਾਉਣਾ ਪਵੇਗਾ। ਇੱਕ ਵਾਰ ਬੱਸ ਸਹੂਲਤ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਪੂਰਾ ਸੈਸ਼ਨ ਇਹ ਸਹੂਲਤ ਛੱਡਣ ਦੀ ਆਗਿਆ ਨਹੀਂ ਹੋਵੇਗੀ। ਇਹ ਸਹੂਲਤ ਇੱਕ ਵਾਰ ਪ੍ਰਾਪਤ ਕਰਨ ਵਾਲਾ ਕੋਈ ਵਿਦਿਆਰਥੀ ਜੇਕਰ ਆਪਣੀ ਮਰਜ਼ੀ ਨਾਲ ਕਾਲਜ ਬੱਸ ਤੇ ਨਹੀਂ ਵੀ ਆਵੇਗਾ ਤਾਂ ਵੀ ਉਸ ਤੋਂ ਪੂਰੇ ਸੈਸ਼ਨ (10 ਮਹੀਨੇ) ਦੀ ਫ਼ੀਸ ਵਸੂਲ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਤੋਂ ਕਾਲਜ ਇਹ ਸਹੂਲਤ ਵਾਪਸ ਲੈ ਸਕਦਾ ਹੈ ਪਰ ਸੰਬੰਧਿਤ ਵਿਦਿਆਰਥੀ ਨੂੰ ਪੂਰੇ ਸੈਸ਼ਨ ਦੀ ਫ਼ੀਸ ਫਿਰ ਵੀ ਭਰਨੀ ਪਵੇਗੀ।

## ਵਿਸ਼ਾ ਬਦਲੀ:

1. ਵਿਸ਼ਾ ਬਦਲਣ ਦੇ ਚਾਹਵਾਨ ਵਿਦਿਆਰਥੀ ਕਲਾਸ ਇੰਚਾਰਜ/ਮੁਖੀ ਦੀ ਆਗਿਆ ਅਤੇ ਸਬੰਧਿਤ ਅਧਿਆਪਕ ਦੀ ਸਹਿਮਤੀ ਨਾਲ ਜਮਾਤਾਂ ਦੇ ਸ਼ੁਰੂ ਹੋਣ ਤੋਂ ਦੋ ਹਫ਼ਤਿਆਂ ਦੇ ਅੰਦਰ ਬਿਨ੍ਹਾਂ ਫੀਸ ਅਤੇ ਇਸ ਤੋਂ ਬਾਅਦ ਵਿਦਿਆਰਥੀ 100/- ਰੁਪਏ ਫ਼ੀਸ ਭਰ ਕੇ ਵਿਸ਼ਾ ਬਦਲ ਸਕਦੇ ਹਨ।
2. ਸਮਾਂ ਸਾਰਨੀ ਵਿੱਚ ਜੇਕਰ ਦੋ ਵਿਸ਼ੇ ਇੱਕੋ ਸਮੇਂ ਲਗਦੇ ਹਨ ਤਾਂ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ, ਪਰ ਉਸ ਦੀ ਕੋਈ ਫ਼ੀਸ ਨਹੀਂ ਹੋਵੇਗੀ।

**ਨੋਟ: ਬਾਹਰਲੇ ਰਾਜਾਂ ਤੋਂ ਦਾਖ਼ਲ ਹੋਏ ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਮੁੱਢਲਾ ਗਿਆਨ ਵਿਸ਼ਾ ਵੀ ਲਿਆ ਜਾ ਸਕਦਾ ਹੈ। ਮੁੱਢਲਾ ਗਿਆਨ ਦਾ ਵਿਸ਼ਾ ਕੇਵਲ ਉਹ ਵਿਦਿਆਰਥੀ ਹੀ ਲੈ ਸਕਦਾ ਹੈ ਜਿਸ ਨੇ 10ਵੀਂ ਅਤੇ 12ਵੀਂ ਕਲਾਸ ਵਿਚ ਪੰਜਾਬੀ ਨਾ ਪੜ੍ਹੀ ਹੋਵੇ ਅਤੇ ਉਸਨੇ ਪੰਜਾਬ ਦੇ ਕਿਸੇ ਵੀ ਸਕੂਲ ਤੋਂ 10ਵੀਂ ਅਤੇ 12ਵੀਂ ਦੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ।**

# ਲਾਇਬ੍ਰੇਰੀ ਦੇ ਨਿਯਮ

1. ਹਰ ਵਿਦਿਆਰਥੀ ਨੂੰ ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਂਦਾ ਹੈ, ਜਿਸ ਦੇ ਰਾਹੀਂ ਹੀ ਲਾਇਬ੍ਰੇਰੀ ਕਿਤਾਬ ਪ੍ਰਾਪਤ ਕੀਤੀ ਜਾ ਸਕਦੀ ਹੈ।
2. ਲਾਇਬ੍ਰੇਰੀ ਪੁਸਤਕ ਕੇਵਲ 14 ਦਿਨਾਂ ਲਈ ਹੀ ਇਸ਼ੂ ਕਰਵਾਈ ਜਾ ਸਕਦੀ ਹੈ ਅਤੇ ਇਸ ਨੂੰ ਸਮੇਂ ਤੇ ਵਾਪਸ ਕਰਨਾ ਜਾਂ ਦੁਬਾਰਾ ਇਸ਼ੂ ਕਰਵਾਉਣਾ ਜ਼ਰੂਰੀ ਹੈ, ਅਜਿਹਾ ਨਾ ਕਰਨ ਦੀ ਸੂਰਤ ਵਿੱਚ 1/- ਰੁਪਏ ਪ੍ਰਤੀ-ਦਿਨ ਦੇ ਹਿਸਾਬ ਨਾਲ ਲਾਇਬ੍ਰੇਰੀ ਜ਼ੁਰਮਾਨਾ ਵਸੂਲ ਕੀਤਾ ਜਾਵੇਗਾ।
3. ਲਾਇਬ੍ਰੇਰੀ ਵਿੱਚੋਂ ਜਾਰੀ ਹੋਈ ਪੁਸਤਕ ਦੇ ਗੁੰਮ ਹੋਣ 'ਤੇ ਵਿਦਿਆਰਥੀ ਨੂੰ ਉਸ ਕਿਤਾਬ ਦਾ ਨਵਾਂ ਸੰਸਕਰਣ ਜਾਂ ਉਸ ਦੀ ਨਵੀਂ ਕੀਮਤ ਤੋਂ ਦੁੱਗਣੀ ਰਾਸ਼ੀ ਜਮ੍ਹਾਂ ਕਰਾਉਣੀ ਪਵੇਗੀ।
4. ਰੈਫ਼ਰੈਂਸ ਪੁਸਤਕਾਂ, ਸਿਲੇਬਸ, ਰਸਾਲੇ, ਜਰਨਲ ਅਤੇ ਅਖ਼ਬਾਰ ਆਦਿ ਘਰ ਲਈ ਇਸ਼ੂ ਨਹੀਂ ਕੀਤੇ ਜਾਣਗੇ, ਇਹ ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਰਾਹੀਂ ਕੇਵਲ ਲਾਇਬਰੇਰੀ ਵਿੱਚ ਹੀ ਪੜ੍ਹਨ ਲਈ ਇਸ਼ੂ ਕਰਵਾਏ ਜਾ ਸਕਦੇ ਹਨ।
5. ਲਾਇਬ੍ਰੇਰੀ ਮੈਂਬਰਾਂ ਲਈ ਕਿਤਾਬਾਂ ਇਸ਼ੂ ਕਰਵਾਉਣ ਦੀ ਕ੍ਰਮਵਾਰ ਗਿਣਤੀ ਨਿਮਨਲਿਖਤ ਅਨੁਸਾਰ ਹੋਵੇਗੀ:-

| | | | |
|---|---|---|---|
| ਪੋਸਟ-ਗ੍ਰੈਜੂਏਟ ਵਿਦਿਆਰਥੀ | :04 | ਅੰਡਰ-ਗ੍ਰੈਜੂਏਟ ਵਿਦਿਆਰਥੀ | :03 |
| ਅਧਿਆਪਕ ਸਾਹਿਬਾਨ | :10 | ਨਾਨ-ਟੀਚਿੰਗ ਸਟਾਫ਼ ਮੈਂਬਰ | :02 |

6. ਲਾਇਬ੍ਰੇਰੀ ਮੈਂਬਰ ਕੋਲੋਂ ਲੋੜ ਪੈਣ 'ਤੇ ਜਾਰੀ ਕੀਤੀ ਪੁਸਤਕ ਕਿਸੇ ਵੀ ਸਮੇਂ ਵਾਪਸ ਮੰਗਵਾਈ ਜਾ ਸਕਦੀ ਹੈ।
7. ਕਿਤਾਬ ਸਬੰਧੀ ਕਿਸੇ ਕਿਸਮ ਦੇ ਨੁਕਸਾਨ ਦੀ ਜ਼ਿੰਮੇਵਾਰੀ ਸਬੰਧਤ ਵਿਦਿਆਰਥੀ ਦੀ ਹੋਵੇਗੀ, ਇਸ ਲਈ ਕਿਤਾਬ ਜਾਰੀ ਕਰਾਉਣ ਸਮੇਂ ਜਾਂਚ-ਪੜਤਾਲ ਕਰ ਲਈ ਜਾਵੇ।
8. ਅਧਿਆਪਕ ਸਾਹਿਬਾਨ ਲਈ ਲਾਇਬ੍ਰੇਰੀ ਕਿਤਾਬਾਂ ਸੈਸ਼ਨ ਦੇ ਅੰਤ ਵਿੱਚ ਵਾਪਸ ਕਰਨੀਆਂ ਜ਼ਰੂਰੀ ਹਨ।
9. ਲਾਇਬ੍ਰੇਰੀ ਮੈਂਬਰ ਦੁਆਰਾ ਈ-ਲਾਇਬ੍ਰੇਰੀ ਦੀ ਵਰਤੋਂ ਸਮੇਂ ਐਂਟਰੀ ਰਜਿਸਟਰ ਵਿੱਚ ਹਸਤਾਖ਼ਰ ਕਰਨੇ ਜ਼ਰੂਰੀ ਹਨ।
10. ਲਾਇਬ੍ਰੇਰੀ ਵਿੱਚ ਪੁਸਤਕ ਦੇ ਇਸ਼ੂ/ਰਿਟਰਨ ਕਾਊਂਟਰ ਦੇ ਖੁੱਲ੍ਹਣ ਦਾ ਸਮਾਂ ਸਵੇਰੇ 9:00 ਤੋਂ ਦੁਪਹਿਰ 1:00 ਤੱਕ ਅਤੇ ਫਿਰ ਦੁਪਹਿਰ 1:30 ਤੋਂ 2:30 ਤੱਕ ਹੈ।
11. ਲਾਇਬ੍ਰੇਰੀ ਵਿੱਚ ਮੋਬਾਇਲ ਦੀ ਵਰਤੋਂ, ਆਪਸ ਵਿੱਚ ਗੱਲਾਂ ਕਰਨ ਅਤੇ ਖਾਣ-ਪੀਣ ਦੀ ਸਖ਼ਤ ਮਨਾਹੀ ਹੈ।
12. ਲਾਇਬ੍ਰੇਰੀ ਵਿੱਚ ਫਰਨੀਚਰ ਅਤੇ ਸਾਫ਼-ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇ।
13. ਲਾਇਬ੍ਰੇਰੀ ਵਿੱਚ ਪੂਰੀ ਤਰ੍ਹਾਂ ਅਨੁਸ਼ਾਸਨ ਬਣਾ ਕੇ ਰੱਖਣਾ ਅਤਿ-ਜ਼ਰੂਰੀ ਹੈ।

## ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ

1. ਕਾਲਜ ਵੱਲੋਂ ਹਰ ਵਿਦਿਆਰਥੀ ਨੂੰ ਇਕ ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। ਇਹ ਸ਼ਨਾਖਤੀ ਕਾਰਡ ਹਰ ਵਿਦਿਆਰਥੀ ਲਈ ਗਲੇ ਵਿੱਚ ਪਾ ਕੇ ਰੱਖਣਾ ਲਾਜ਼ਮੀ ਹੈ।
2. ਵਿਦਿਆਰਥੀ ਕੋਲ ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਹੋਣਾ ਅਤਿ-ਜ਼ਰੂਰੀ ਹੈ। ਕਾਲਜ-ਕਮ-ਲਾਇਬ੍ਰੇਰੀ ਪਹਿਚਾਣ ਪੱਤਰ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ।
3. ਸੈਸ਼ਨ ਦੇ ਅੰਤ ਵਿੱਚ ਨੋ-ਡਿਊਜ਼ ਕਰਾਉਣ ਸਮੇਂ, ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਕਾਲਜ ਦੀ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਾਉਣਾ ਲਾਜ਼ਮੀ ਹੋਵੇਗਾ।
4. ਕਾਲਜ-ਕਮ-ਲਾਇਬ੍ਰੇਰੀ ਸ਼ਨਾਖਤੀ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵੱਲੋਂ ਤੁਰੰਤ ਪੁਲਿਸ ਐਫ.ਆਈ.ਆਰ ਦਰਜ ਕਰਵਾਉਣ ਉਪਰੰਤ ਲਾਇਬ੍ਰੇਰੀ ਵਿੱਚ 100/- ਰੁਪਏ ਫ਼ੀਸ ਭਰਕੇ ਨਵਾਂ ਸ਼ਨਾਖਤੀ ਕਾਰਡ ਬਣਾਉਣ ਲਈ ਲੋੜੀਂਦੇ ਦਸਤਾਵੇਜ਼ ਸਹਿਤ ਅਰਜ਼ੀ ਦੇਣੀ ਲਾਜ਼ਮੀ ਹੋਵੇਗੀ।










**ਐੱਨ. ਐੱਸ. ਐੱਸ –ਪ੍ਰੋਗਰਾਮ ਅਫ਼ਸਰ ਪ੍ਰੋ. ਗੁਰਦੀਪ ਸਿੰਘ, ਡਾ. ਗੀਤੂ, ਪ੍ਰੋ ਰਮਨਦੀਪ ਸਿੰਘ, ਡਾ. ਸ਼ੀਤਲ ਬਜਾਜ, ਸ. ਅਮਨਪ੍ਰੀਤ ਸਿੰਘ–** ਕਾਲਜ ਵਿੱਚ ਐੱਨ. ਐੱਸ. ਐੱਸ. ਦੀਆਂ ਪੰਜ ਇਕਾਈਆਂ ਚੱਲ ਰਹੀਆਂ ਹਨ। ਹਰ ਇਕਾਈ ਵਿੱਚ 100 ਵਿਦਿਆਰਥੀ ਭਰਤੀ ਕੀਤੇ ਜਾਂਦੇ ਹਨ। ਕਾਲਜ ਵਿੱਚ ਦਾਖ਼ਲਾ ਲੈਣ ਤੋਂ ਬਾਅਦ ਵਿਦਿਆਰਥੀ ਐੱਨ.ਐੱਸ.ਐੱਸ. ਵਿਚ ਆਪਣਾ ਨਾਮ ਲਿਖਵਾ ਸਕਦਾ ਹੈ, ਜਿਨ੍ਹਾਂ ਦੀ ਬਾਅਦ ਵਿੱਚ ਯੂਨੀਵਰਸਿਟੀ ਵੱਲੋਂ ਮਿਲੀਆਂ ਸੀਟਾਂ ਦੇ ਹਿਸਾਬ ਨਾਲ ਚੋਣ ਕੀਤੀ ਜਾਂਦੀ ਹੈ।

**ਐੱਨ. ਸੀ. ਸੀ. ਪ੍ਰੋ. ਕੁਲਬੀਰ ਸਿੰਘ, ਸਹਾਇਕ ਪ੍ਰੋਫ਼ੈਸਰ, ਕਾਮਰਸ ਵਿਭਾਗ (ਕਨਵੀਨਰ)–** ਇਸ ਸੰਸਥਾ ਵਿਖੇ ਐੱਨ.ਸੀ.ਸੀ. ਦੀ ਟ੍ਰੇਨਿੰਗ ਲੜਕੇ ਅਤੇ ਲੜਕੀਆਂ ਦੋਵਾਂ ਨੂੰ ਕਰਵਾਈ ਜਾਂਦੀ ਹੈ। ਟ੍ਰੇਨਿੰਗ ਦਾ ਉਦੇਸ਼ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਵਿੱਚ ਅਨੁਸ਼ਾਸਨ, ਏਕਤਾ ਅਤੇ ਸਾਹਸ ਦੀ ਭਾਵਨਾ ਪੈਦਾ ਕਰਨਾ ਹੈ। ਏਕਤਾ ਅਤੇ ਅਨੁਸ਼ਾਸਨ ਐੱਨ.ਸੀ.ਸੀ. ਦਾ ਨਾਅਰਾ ਹੈ। ਐੱਨ.ਸੀ.ਸੀ. ਦਾ ਮੁੱਖ ਮੰਤਵ ਨੌਜਵਾਨਾਂ ਵਿੱਚ ਉੱਚ ਚਰਿੱਤਰ ਦਾ ਨਿਰਮਾਣ ਅਤੇ ਸਮਾਜ ਵਿੱਚ ਵਿਚਰਨ ਵਾਲੇ ਚੰਗੇ ਨਾਗਰਕ ਪੈਦਾ ਕਰਨਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਐੱਨ.ਸੀ.ਸੀ. ਦੀ ਸਪੈਸ਼ਲ ਐਂਟਰੀ ਸਕੀਮ ਤਹਿਤ ਸੈਨਾ ਵਿੱਚ ਅਫਸਰ ਬਣਨ ਦਾ ਸੁਨਿਹਰੀ ਮੌਕਾ ਮਿਲਦਾ ਹੈ, ਜਿਸ ਦੀ ਤਿਆਰੀ **20 Pb BN NCC** ਬਠਿੰਡਾ ਦੁਆਰਾ ਕਰਵਾਈ ਜਾਂਦੀ ਹੈ।





**ਇੰਟਰਨਲ ਕੁਆਲਿਟੀ ਐਸ਼ੋਅਰੈਂਸ ਸੈੱਲ– ਡਾ. ਰਿਸ਼ੀ ਕੁਮਾਰ, ਸਹਾਇਕ ਪ੍ਰੋਫ਼ੈਸਰ, ਫਿਜ਼ਿਕਸ ਵਿਭਾਗ (ਕੋਆਰਡੀਨੇਟਰ)** ਕਾਲਜ ਵਿਚ ਯੂ.ਜੀ.ਸੀ. ਅਤੇ ਨੈਕ ਦੀਆਂ ਗਾਈਡ-ਲਾਈਨ ਅਨੁਸਾਰ ਇੰਟਰਨਲ ਕੁਆਲਿਟੀ ਐਸ਼ੋਅਰੈਂਸ ਸੈੱਲ (**IQAC**) ਦਾ ਗਠਨ ਕੀਤਾ ਗਿਆ ਹੈ ਜ਼ੋ ਨਿਰੰਤਰ ਕਾਰਜਸ਼ੀਲ ਹੈ। ਇੰਟਰਨਲ ਕੁਆਲਿਟੀ ਐਸ਼ੋਅਰੈਂਸ ਸੈੱਲ ਦਾ ਮੁੱਖ ਮੰਤਵ ਸੰਸਥਾ ਵਿਚ ਅੰਦਰੂਨੀ ਗੁਣਵੱਤਾ ਨੂੰ ਵਧਾਉਣ ਹਿੱਤ ਨਿਰੰਤਰ ਕਾਰਜ ਕਰਨਾ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਅਧਿਆਪਨ ਦੀ ਗੁਣਵੱਤਾ ਨੂੰ ਹੋਰ ਨਿਖਾਰਿਆ ਜਾ ਸਕੇ। ਇਸ ਕਾਰਜ ਲਈ ਇੰਟਰਨਲ ਕੁਆਲਿਟੀ ਐਸ਼ੋਅਰੈਂਸ ਸੈੱਲ ਵਲੋਂ ਸਮੇਂ-ਸਮੇਂ ਤੇ ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ।

**ਲੀਗਲ ਅਵੇਅਰਨੈੱਸ ਐਂਡ ਹਿਊਮਨ ਰਾਈਟਸ ਸੈੱਲ –ਡਾ. ਇੰਦਰਜੀਤ ਸਿੰਘ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ (ਕਨਵੀਨਰ)–** ਅੱਜ ਦੇ ਇਸ ਦੌਰ ਵਿਚ ਮਨੁੱਖੀ ਅਧਿਕਾਰਾਂ ਦਾ ਵਿਸ਼ਾ ਬਹੁਤ ਹੀ ਮਹੱਤਵਪੂਰਨ ਹੈ। ਮਨੁੱਖੀ ਅਧਿਕਾਰਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਸੰਸਥਾ ਵਿਖੇ 'ਲੀਗਲ ਅਵੇਅਰਨੈਸ ਐਂਡ ਹਿਊਮਨ ਰਾਈਟਸ ਸੈੱਲ' ਦੀ ਸਥਾਪਨਾ ਕੀਤੀ ਗਈ ਹੈ। ਇਸ ਸੈੱਲ ਦਾ ਮੁੱਖ ਮਕਸਦ ਕਾਲਜ ਦੇ ਵਿਦਿਆਰਥੀਆਂ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਕਾਨੂੰਨੀ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸੈੱਲ ਵੱਲੋਂ ਸਮੇਂ-ਸਮੇਂ ਤੇ ਸੰਸਥਾ ਵਿਚ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਗੈਸਟ ਲੈਕਚਰ, ਕੈਂਪ, ਅਤੇ ਕੁਇਜ਼ ਮੁਕਾਬਲੇ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ।







**ਜਿਨਸੀ ਪਰੇਸ਼ਾਨੀ ਸ਼ਿਕਾਇਤ ਸੈੱਲ– ਡਾ. ਸੰਦੀਪ ਕੌਰ, ਸਹਾਇਕ ਪ੍ਰੋਫ਼ੈਸਰ, ਅਰਥ-ਸ਼ਾਸਤਰ ਵਿਭਾਗ (ਕਨਵੀਨਰ)–** ਸੰਸਥਾ ਵਿਚ ਜਿਨਸੀ ਸ਼ੋਸ਼ਣ ਵਿਰੁੱਧ ਸੈੱਲ ਦੀ ਸਥਾਪਨਾ ਸਰਕਾਰ ਦੇ ਐਕਟ ਨੰਬਰ 14 (2013) ਦੀਆਂ ਹਦਾਇਤਾਂ ਅਧੀਨ ਕੀਤੀ ਗਈ। ਕਾਲਜ ਵਿਚ ਇਸ ਸੈੱਲ ਦਾ ਮੁੱਖ ਮੰਤਵ ਸੰਸਥਾ ਵਿਚ ਵਿੱਦਿਆ ਹਾਸਲ ਕਰ ਰਹੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਮਾਹੌਲ ਦੇਣਾ ਹੈ। ਇਸ ਸੁਰੱਖਿਅਤ ਮਾਹੌਲ ਵਿਚ ਉਹ ਆਪਣੀ ਪੜ੍ਹਾਈ ਅਤੇ ਨੌਕਰੀ ਮਾਣ-ਇੱਜ਼ਤ ਅਤੇ ਸਤਿਕਾਰ ਨਾਲ ਕਰ ਸਕਣ, ਇਸ ਸੈੱਲ ਦਾ ਉਦੇਸ਼ ਹੈ। ਸਰਕਾਰ ਦੇ ਇਸ ਐਕਟ ਅਧੀਨ ਵੀ ਸੁਰੱਖਿਅਤ ਮਾਹੌਲ ਦੀ ਗੱਲ ਕੀਤੀ ਗਈ ਹੈ ਤੇ ਕਾਲਜ ਵੀ ਇਹਨਾਂ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ। ਜੇਕਰ ਕੰਮ ਕਰਨ ਵਾਲੀ ਜਗ੍ਹਾ ਤੇ ਕਿਸੇ ਵੀ ਕਰਮਚਾਰੀ ਜਾਂ ਕਾਲਜ ਦੇ ਕਿਸੇ ਵਿਦਿਆਰਥੀ ਨੂੰ ਜਿਨਸੀ ਸ਼ੋਸ਼ਣ ਦੀ ਕੋਈ ਸਮੱਸਿਆ ਆ ਰਹੀ ਹੈ ਤਾਂ ਉਹ ਇਸ ਸਬੰਧੀ ਲਿਖਤੀ ਰੂਪ ਵਿਚ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਸ਼ਿਕਾਇਤ ਉੱਪਰ ਸੈੱਲ ਦੁਆਰਾ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

**ਵੂਮੈਨ ਇੰਮਪਾਵਰਮੈਂਟ ਸੈੱਲ– ਡਾ. ਸੁਖਵਿੰਦਰ ਕੌਰ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਇਤਿਹਾਸ ਵਿਭਾਗ (ਕਨਵੀਨਰ)–** ਕਾਲਜ ਵਿਚ ਵੂਮੈਨ ਇੰਮਪਾਵਰਮੈਂਟ ਸੈੱਲ ਦਾ ਗਠਨ ਕੀਤਾ ਹੈ ਜਿਸ ਦਾ ਮੁੱਖ ਉਦੇਸ਼ ਨਾਰੀ ਸਸ਼ਕਤੀਕਰਨ ਕਰਨਾ ਹੈ। ਇਹ ਸੈੱਲ ਕਾਲਜ ਵਿਚ ਨਾਰੀ ਸਸ਼ਕਤੀਕਰਨ ਸਬੰਧੀ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰ ਕੇ ਵਿਦਿਆਰਥਣਾਂ ਨੂੰ ਆਤਮ-ਨਿਰਭਰ ਬਣਾਉਣ ਲਈ ਪ੍ਰੇਰਿਤ ਕਰਦਾ ਹੈ। ਕਾਲਜ ਦੀਆਂ ਵਿਦਿਆਰਥਣਾਂ ਤੋਂ ਇਲਾਵਾ ਇਲਾਕੇ ਦੀਆਂ ਔਰਤਾਂ ਲਈ ਵੀ ਕਈ ਤਰ੍ਹਾਂ ਦੇ ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਹੈ।





**ਨੰਨ੍ਹੀ ਛਾਂ ਅਤੇ ਗਰੀਨ ਬ੍ਰਿਗੇਡ ਸੈੱਲ– ਡਾ. ਰਾਜਨਦੀਪ ਕੌਰ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਪੰਜਾਬੀ ਵਿਭਾਗ (ਕਨਵੀਨਰ)–** 2013 ਵਿਚ ਸੰਗਠਿਤ ਇਸ ਸੈੱਲ ਦਾ ਪ੍ਰਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਅਤੇ 'ਪਵਣੁ ਗੁਰੂ ਪਾਣੀ ਪਿਤਾ ਮਾਤ ਧਰਤਿ ਮਹਤੁ' ਨੂੰ ਅਮਲੀ ਰੂਪ ਦੇਣ ਲਈ ਸੇਧ ਤਿਆਰ ਕਰਨਾ ਹੈ। ਇੱਕੀਵੀਂ ਸਦੀ ਦੇ ਸਮਾਜ ਨੂੰ ਸਮਾਜਕ ਅਤੇ ਪ੍ਰਾਕਿਰਤਕ ਪੱਧਰ 'ਤੇ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੈੱਲ ਦਾ ਉਦੇਸ਼ ਔਰਤ ਦੀ ਸੁਚੇਤ ਹੋਂਦ, ਗੰਧਲੇ ਪੌਣ-ਪਾਣੀ ਅਤੇ ਬੰਜਰ ਬਣਦੀ ਜਾ ਰਹੀ ਧਰਤ ਪ੍ਰਤੀ ਵਿਦਿਆਰਥੀ ਵਰਗ ਨੂੰ ਸੁਚੇਤ ਕਰਨਾ ਹੈ। ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਕੁਦਰਤ ਦੇ ਵਰਤਾਰੇ ਨਾਲ ਜੋੜਨ ਲਈ ਫ਼ਲਦਾਰ, ਫੁੱਲਦਾਰ ਅਤੇ ਜੜ੍ਹੀ-ਬੂਟੀਆਂ ਨਾਲ ਭਰਪੂਰ ਪਾਰਕ 'ਗੁਰੂ ਹਰਿ ਰਾਏ ਪਾਰਕ' ਦੀ ਸਥਾਪਨਾ ਕੀਤੀ ਗਈ ਹੈ।



**ਸਿਹਤ ਅਤੇ ਸਫ਼ਾਈ ਪ੍ਰਬੰਧਨ ਨਿਗਰਾਨ ਸੈੱਲ –ਡਾ. ਕੁਲਵੰਤ ਸਿੰਘ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਹਿੰਦੀ ਵਿਭਾਗ (ਕਨਵੀਨਰ)–** ਕਾਲਜ ਕੈਂਪਸ ਵਿਚ ਸਿਹਤ ਅਤੇ ਸਫ਼ਾਈ ਪ੍ਰਬੰਧਨ ਸੈੱਲ ਵਿਦਿਆਰਥੀਆਂ ਅੰਦਰ ਬਿਮਾਰੀਆਂ ਪ੍ਰਤੀ ਜਾਗਰੂਕਤਾ ਅਤੇ ਸਕਾਰਾਤਮਕ ਸੋਚ ਨੂੰ ਵਿਕਸਿਤ ਕਰਨ ਵਿਚ ਸਹਾਈ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਰੋਗਾਂ ਦੀ ਆਮਦ ਅਤੇ ਉਹਨਾਂ ਦੇ ਗਿਆਨ ਦੀ ਧਾਰਨਾ ਦਾ ਵਿਕਾਸ ਕਰਨਾ ਇਸ ਦੇ ਅਧੀਨ ਸ਼ਾਮਲ ਹੈ। ਚੰਗੀ ਮਾਨਸਿਕ ਅਤੇ ਸਰੀਰਕ ਸਿਹਤ ਦੇ ਲਈ ਵਿਅਕਤੀ ਵਿੱਚ ਸਾਦਾ ਜੀਵਨ, ਭਾਈਚਾਰਕ ਸਾਂਝ ਅਤੇ ਸਕਾਰਾਤਮਕ ਸੋਚ ਦਾ ਹੋਣਾ ਅਤਿ ਜ਼ਰੂਰੀ ਹੈ। ਇਕ ਵਿਅਕਤੀ ਤਾਂ ਹੀ ਸਿਹਤਮੰਦ ਰਹਿ ਸਕਦਾ ਹੈ ਜੇਕਰ ਉਹ ਸਾਦਗੀ ਅਤੇ ਸਵੱਛਤਾ ਦਾ ਧਾਰਨੀ ਹੋਵੇ। ਇਸ ਲਈ ਕਾਲਜ ਕੈਂਪਸ ਵਿੱਚ ਇਹ ਸੈੱਲ ਆਪਣੇ ਕਾਰਜ ਨੂੰ ਸੰਚਾਰੂ ਰੂਪ ਵਿਚ ਕਰਨ ਲਈ ਯਤਨਸ਼ੀਲ ਹੈ।



**ਨੈਤਿਕ ਅਤੇ ਅਧਿਆਤਮ ਸੈੱਲ – ਡਾ. ਰਜਿੰਦਰ ਕੌਰ, ਸਹਾਇਕ ਪ੍ਰੋਫ਼ੈਸਰ, ਧਰਮ ਅਧਿਐਨ ਵਿਭਾਗ (ਕਨਵੀਨਰ)–** ਰੂਹਾਨੀਅਤ ਮਨੁੱਖੀ ਜੀਵਨ ਦਾ ਆਧਾਰ ਹੈ। ਇਸ ਦੀ ਪਹਿਚਾਣ ਅਤੇ ਅਨੁਭਵ ਦੀ ਲੋੜ ਸੰਤੁਲਿਤ ਮਨੁੱਖੀ ਮਾਨਸਿਕਤਾ ਲਈ ਹਮੇਸ਼ਾ ਰਹੀ ਹੈ। ਵਰਤਮਾਨ ਸਮੇਂ ਦੇ ਪਦਾਰਥਵਾਦੀ ਯੁੱਗ ਵਿੱਚ ਜਦੋਂ ਮਾਨਸਿਕ ਅਸੰਤੁਲਨ ਹਰ ਮਨੁੱਖ ਦੇ ਜੀਵਨ ਦਾ ਹਿੱਸਾ ਬਣ ਚੁੱਕਿਆ ਹੈ ਤਾਂ ਰੂਹਾਨੀ ਅਨੁਭਵ ਦੀ ਲੋੜ ਹੋਰ ਵੀ ਜ਼ਰੂਰੀ ਬਣ ਜਾਂਦੀ ਹੈ। ਸਮਾਜ ਵਿਚੋਂ ਝੂਠ, ਅਪਰਾਧ, ਬੇਈਮਾਨੀ, ਦੁਰਾਚਾਰੀ, ਨਾ-ਬਰਾਬਰੀ ਦਾ ਖਾਤਮਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਸਮਝ ਨਾਲ ਹੀ ਹੋ ਸਕਦਾ ਹੈ। ਵਿਦਿਆਰਥੀਆਂ ਵਿੱਚ ਅਜਿਹੀ ਸਮਝ ਪੈਦਾ ਕਰਨ ਅਤੇ ਜੀਵਨ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਦਾ ਅਹਿਸਾਸ ਕਰਵਾਉਣ ਲਈ ਨੈਤਿਕ ਅਤੇ ਅਧਿਆਤਮ ਸੈੱਲ ਯਤਨਸ਼ੀਲ ਹੈ



**ਐਂਟੀ-ਰੈਗਿੰਗ ਸੈੱਲ –ਡਾ. ਧਰੁਵ ਕੁਮਾਰ, ਸਹਾਇਕ ਪ੍ਰੋਫ਼ੈਸਰ, ਕੈਮਿਸਟਰੀ ਵਿਭਾਗ (ਕਨਵੀਨਰ)–** ਐਂਟੀ ਰੈਗਿੰਗ ਸੈੱਲ ਕਾਲਜ ਕੈਂਪਸ ਵਿਚ ਵਿਦਿਆਰਥੀਆਂ ਨੂੰ ਰੈਗਿੰਗ ਬਾਰੇ ਸੁਚੇਤ ਕਰਨ ਲਈ ਸਥਾਪਿਤ ਕੀਤਾ ਗਿਆ ਹੈ। ਇਸ ਸੈੱਲ ਦੁਆਰਾ ਵਿਦਿਆਰਥੀਆਂ ਨੂੰ ਇਕ ਦੂਜੇ ਪ੍ਰਤੀ ਸੁਹਿਰਦ ਰਵੱਈਆ/ਵਤੀਰਾ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਹ ਸੈੱਲ ਵਿਦਿਆਰਥੀਆਂ ਦੁਆਰਾ ਇੱਕ ਦੂਜੇ ਨੂੰ ਰੰਗ, ਨਸਲ, ਜਾਤ, ਰਾਸ਼ਟਰੀਅਤਾ, ਲਿੰਗ ਅਤੇ ਖੇਤਰ ਆਦਿ ਦੇ ਆਧਾਰ 'ਤੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਸ਼ੋਸ਼ਣ ਤੋਂ ਰੋਕਣ ਲਈ ਵਚਨਬੱਧ ਹੈ।ਭਾਰਤ ਸਰਕਾਰ ਨੇ ਸਾਲ 2009 ਵਿਚ ਯੂ.ਜੀ.ਸੀ. ਦੇ ਤਹਿਤ ਉੱਚ ਵਿੱਦਿਅਕ ਅਦਾਰਿਆਂ ਵਿਚ ਐਂਟੀ ਰੈਗਿੰਗ ਸੈੱਲ ਸਥਾਪਿਤ ਕਰਕੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ। ਇਸ ਅਨੁਸਾਰ ਉਪਰੋਕਤ ਮਾਨਸਿਕ ਜਾਂ ਸਰੀਰਕ ਦੋਵੇਂ ਰੂਪਾਂ ਵਿਚ ਜੇਕਰ ਕੋਈ ਵਿਦਿਆਰਥੀ ਅਜਿਹਾ ਕਰਦਾ ਹੈ ਤਾਂ ਉਸ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ।



**ਯੁਵਕ ਭਲਾਈ ਵਿਭਾਗ –ਪ੍ਰੋ. ਗੁਰਦੀਪ ਸਿੰਘ, ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, (ਕੋਆਰਡੀਨੇਟਰ)–** ਵਿੱਦਿਆ ਦਾ ਮਨੋਰਥ ਵਿਦਿਆਰਥੀ ਅੰਦਰ ਬੀਜ ਰੂਪ ਵਿੱਚ ਪਈਆਂ ਸੰਭਾਵਨਾਵਾਂ ਨੂੰ ਤਲਾਸ਼ ਕੇ ਅਤੇ ਉਹਨਾਂ ਨੂੰ ਪ੍ਰਫੁੱਲਿਤ ਕਰਨ ਦੇ ਮੌਕੇ ਪ੍ਰਦਾਨ ਕਰਕੇ ਇਕ ਬਹੁਪੱਖੀ ਅਤੇ ਸੰਤੁਲਿਤ ਸ਼ਖ਼ਸੀਅਤ ਦੀ ਉਸਾਰੀ ਕਰਨਾ ਹੁੰਦਾ ਹੈ। ਇਸ ਮਨੋਰਥ ਲਈ ਕਾਲਜ ਵਿੱਚ ਪੜ੍ਹਾਈ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਸਹਾਇਕ ਸਰਗਰਮੀਆਂ ਵੱਖਰੇ-ਵੱਖਰੇ ਵਿਭਾਗਾਂ ਵੱਲੋਂ ਕੀਤੀਆਂ ਜਾਂਦੀਆਂ ਹਨ। ਯੁਵਕ ਭਲਾਈ ਵਿਭਾਗ ਵਿਦਿਆਰਥੀਆਂ ਦੀਆਂ ਕਲਾਤਮਕ ਅਤੇ ਸਿਰਜਨਾਤਮਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਵਿਸ਼ਾਲ ਅਨੁਭਵ ਪ੍ਰਦਾਨ ਕਰਨ ਲਈ ਕਲਾ ਮੁਕਾਬਲੇ, ਵਿੱਦਿਅਕ ਟੂਰ, ਹਾਈਕਿੰਗ ਅਤੇ ਟਰੈਕਿੰਗ ਦੇ ਪ੍ਰੋਗਰਾਮਾਂ ਲਈ ਯਤਨਸ਼ੀਲ ਰਹਿੰਦਾ ਹੈ। ਯੂਨੀਵਰਸਿਟੀ ਵੱਲੋਂ ਕਰਵਾਏ ਯੁਵਕ ਮੇਲੇ ਅਤੇ ਲੋਕ ਮੇਲਿਆਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕਰਵਾਏ ਜਾਂਦੇ ਖ਼ਾਲਸਾਈ ਸੱਭਿਆਚਾਰ ਉਤਸਵ, ਕਾਲਜਾਂ ਤੇ ਹੋਰ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਵਿਭਿੰਨ ਕਲਾ ਮੁਕਾਬਲਿਆਂ ਵਿੱਚ ਭਾਗ ਲੈਂਦਾ ਹੈ।



**ਸਰੀਰਕ ਸਿੱਖਿਆ ਅਤੇ ਖੇਡ ਵਿਭਾਗ –ਪ੍ਰੋ. ਰਮਨਦੀਪ ਸਿੰਘ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ–** ਕਾਲਜ ਪੜ੍ਹਾਈ ਤੇ ਸਹਾਇਕ ਗਤੀਵਿਧੀਆਂ ਤੋਂ ਇਲਾਵਾ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰ ਰਿਹਾ ਹੈ। ਕਾਲਜ ਦੇ ਖਿਡਾਰੀਆਂ ਨੇ ਖੋ-ਖੋ, ਯੋਗਾ, ਐਥਲੈਟਿਕਸ, ਕਬੱਡੀ, ਬਾਸਕਟ ਬਾਲ, ਚੈੱਸ, ਟੇਬਲ ਟੈਨਿਸ, ਫੁੱਟਬਾਲ (ਲੜਕੀਆਂ), ਰਾਇਫਲ ਸ਼ੂਟਿੰਗ ਮੁਕਾਬਲਿਆਂ ਵਿੱਚ ਅੰਤਰ-ਯੂਨੀਵਰਸਿਟੀ, ਅੰਤਰ-ਕਾਲਜ ਅਤੇ ਖਾਲਸਾਈ ਖੇਡ ਮੁਕਾਬਲਿਆਂ ਵਿੱਚ ਨਾਮਣਾ ਖੱਟਿਆ ਹੈ। ਖਿਡਾਰੀਆਂ ਨੂੰ ਉੱਚ ਪੱਧਰੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਤਾਂ ਜੋ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਕਾਲਜ ਵਿੱਚ ਐਥਲੈਟਿਕਸ ਅਤੇ ਖੇਡਾਂ ਲਈ ਸ਼ਾਨਦਾਰ ਗਰਾਊਂਡ ਹਨ। ਕਾਲਜ ਵਿਖੇ ਇਨਡੋਰ ਖੇਡਾਂ ਲਈ ਬਾਬਾ ਬੰਦਾ ਸਿੰਘ ਬਹਾਦਰ ਇਨਡੋਰ ਸਪੋਰਟਸ ਕੰਪਲੈਕਸ ਹੈ ਜਿਸ ਵਿੱਚ ਲਗਭਗ 1500 ਦਰਸ਼ਕਾਂ ਦੇ ਬੈਠਣ ਦਾ ਪ੍ਰਬੰਧ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਆਪਣੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਵਿੱਦਿਅਕ ਅਦਾਰਿਆਂ ਦੇ ਸਿੱਖ ਖਿਡਾਰੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਖ਼ਾਲਸਾਈ ਖੇਡਾਂ ਆਰੰਭ ਕੀਤੀਆਂ ਹਨ। ਪਿਛਲੇ ਅੱਠ ਸਾਲਾਂ ਤੋਂ ਖ਼ਾਲਸਾਈ ਖੇਡਾਂ ਵਿੱਚ ਗੁਰੂ ਨਾਨਕ ਕਾਲਜ ਬੁਢਲਾਡਾ ਓਵਰਆਲ ਚੈਂਪੀਅਨ ਹੈ। ਇਨ੍ਹਾਂ ਖੇਡਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਂਦਾ ਹੈ।

# ਮਹੱਤਵਪੂਰਨ ਸੈੱਲ



**ਈਕੋ ਕਲੱਬ–ਡਾ. ਜਤਿੰਦਰ ਸਿੰਘ, ਸਹਾਇਕ ਪ੍ਰੋਫ਼ੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ (ਕਨਵੀਨਰ)–** ਸੰਸਥਾ ਵਿੱਚ ਚੱਲ ਰਿਹਾ ਈਕੋ ਕਲੱਬ ਵਿਦਿਆਰਥੀਆਂ ਨੂੰ ਚੰਗੇ ਵਾਤਾਵਰਣ ਪ੍ਰਤੀ ਗਤੀਵਿਧੀਆਂ ਅਤੇ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਲਈ ਪ੍ਰੇਰਿਤ ਕਰਦਾ ਹੈ। ਇਹ ਕਲੱਬ ਵਿਦਿਆਰਥੀਆਂ ਨੂੰ ਚੰਗੇ ਵਾਤਾਵਰਣ ਵਿਵਹਾਰ ਨੂੰ ਉਤਸ਼ਾਹਿਤ ਕਰਨ ਲਈ ਮਾਪਿਆਂ ਅਤੇ ਗੁਆਂਢੀ ਭਾਈਚਾਰਿਆਂ ਨੂੰ ਸ਼ਾਮਲ ਕਰਨ ਲਈ ਮੌਕਾ ਪ੍ਰਦਾਨ ਕਰਦਾ ਹੈ। ਈਕੋ ਕਲੱਬ ਦਾ ਉਦੇਸ਼ ਵਿਦਿਆਰਥੀਆਂ ਨੂੰ ਆਲੇ ਦੁਆਲੇ ਨੂੰ ਹਰਿਆ-ਭਰਿਆ ਤੇ ਸਾਫ਼ ਰੱਖਣ, ਪਾਣੀ ਦੀ ਸੰਭਾਲ ਅਤੇ ਰਹਿੰਦ-ਖੂੰਹਦ ਤੋਂ ਸਰੋਤ ਪੈਦਾ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਕਾਰਜ ਲਈ ਵਾਤਾਵਰਨ ਸੰਬੰਧੀ ਭਖਦੇ ਮਸਲਿਆਂ 'ਤੇ ਸੈਮੀਨਾਰ, ਵਿਸ਼ੇਸ਼ ਲੈਕਚਰ ਅਤੇ ਭਾਸ਼ਣਾਂ ਦਾ ਆਯੋਜਨ ਕੀਤਾ ਜਾਂਦਾ ਹੈ।

**ਪਲੇਸਮੈਂਟ ਅਤੇ ਟਰੇਨਿੰਗ ਸੈੱਲ:– ਡਾ. ਨੀਤਿਕਾ ਗੋਇਲ, ਸਹਾਇਕ ਪ੍ਰੋਫ਼ੈਸਰ, ਕੰਪਿਊਟਰ ਵਿਭਾਗ (ਪਲੇਸਮੈਂਟ ਅਫ਼ਸਰ), ਡਾ. ਤਨੂਪ੍ਰੀਤ ਕੌਰ, ਸਹਾਇਕ ਪ੍ਰੋਫ਼ੈਸਰ, ਗਣਿਤ ਵਿਭਾਗ (ਟਰੇਨਿੰਗ ਅਫ਼ਸਰ)–** ਅਕਾਦਮਿਕ ਗਿਆਨ ਹਾਸਲ ਕਰਨ ਤੋਂ ਬਾਅਦ ਉਸ ਡਿਗਰੀ ਦੇ ਪੱਧਰ ਦਾ ਰੁਜ਼ਗਾਰ ਮਿਲਣਾ ਜ਼ਰੂਰੀ ਹੈ, ਇਹ ਸੁਵਿਧਾ ਮੁਹੱਈਆ ਕਰਵਾਉਣ ਲਈ ਕਾਲਜ ਵਿੱਚ ਪਲੇਸਮੈਂਟ ਅਤੇ ਟ੍ਰੇਨਿੰਗ ਸੈੱਲ ਸਫ਼ਲਤਾ ਪੂਰਵਕ ਚੱਲ ਰਿਹਾ ਹੈ। ਇਹ ਸੈੱਲ ਸਮੇਂ-ਸਮੇਂ ਵਿਦਿਆਰਥੀਆਂ ਲਈ ਟ੍ਰੇਨਿੰਗ ਕੈਂਪ ਲਗਾ ਕੇ ਉਨ੍ਹਾਂ ਨੂੰ ਰੁਜ਼ਗਾਰ ਦੇ ਯੋਗ ਬਣਾਉਂਦਾ ਹੈ, ਬਾਅਦ ਵਿਚ ਵੱਡੀਆਂ ਕੰਪਨੀਆਂ ਵਿੱਚ ਉਨ੍ਹਾਂ ਦੀ ਪਲੇਸਮੈਂਟ ਕਰਵਾਉਣ ਲਈ ਵਚਨਬੱਧ ਹੈ। ਇਸ ਸੈੱਲ ਦੀ ਖਾਸੀਅਤ ਹੈ ਕਿ ਇਹ ਸੈੱਲ ਨਾ ਸਿਰਫ਼ ਵਿਦਿਆਰਥੀ ਦੇ ਗੁਣਾਂ, ਤਰਜੀਹਾਂ, ਪ੍ਰਤਿਭਾਵਾਂ ਅਤੇ ਗੁਣਾਂ ਦੀ ਪਛਾਣ ਕਰਦਾ ਹੈ ਬਲਕਿ ਇਹ ਵਿਦਿਆਰਥੀਆਂ ਨੂੰ ਇੰਟਰਵਿਊ ਅਤੇ ਡੈਮੋ ਪਾਠਾਂ ਲਈ ਤਿਆਰ ਕਰਨ ਵਿੱਚ ਵੀ ਮਦਦ ਕਰਦਾ ਹੈ।





**ਓਲਡ ਸਟੂਡੈਂਟ ਐਸੋਸੀਏਸ਼ਨ (ਓ.ਐੱਸ.ਏ.) ਡਾ. ਸੰਧਿਆ ਵਤਸ, ਸਹਾਇਕ ਪ੍ਰੋਫ਼ੈਸਰ, ਕੰਪਿਊਟਰ ਸਾਇੰਸ ਵਿਭਾਗ (ਕਨਵੀਨਰ)–** ਸੰਸਥਾ ਵਿਚ ਜਨਵਰੀ 2017 ਨੂੰ ਸਥਾਪਿਤ OSA ਦਾ ਮੁੱਖ ਉਦੇਸ਼ ਪੁਰਾਣੇ ਅਤੇ ਮੌਜੂਦਾ ਵਿਦਿਆਰਥੀਆਂ ਵਿੱਚ ਤਾਲਮੇਲ ਬਣਾ ਕੇ, ਉਨ੍ਹਾਂ ਦੇ ਸਾਂਝੇ ਗਿਆਨ ਰਾਹੀਂ ਸੰਸਥਾ ਅਤੇ ਸਮਾਜ ਦੀ ਸਕਾਰਾਤਮਕਤਾ ਵਿੱਚ ਸਹਿਯੋਗ ਦੇਣਾ ਹੈ। ਇਸ ਉਦੇਸ਼ ਦੀ ਪੂਰਤੀ ਹਿੱਤ OSA ਵਲੋਂ ਗੱਲਬਾਤ/ਵੈਬੀਨਾਰ/ਕਾਨਫਰੰਸ ਆਦਿ ਕਰਵਾਕੇ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਮੈਂਬਰਾਂ ਨਾਲ ਸਹਿਯੋਗ ਅਤੇ ਭਾਗੀਦਾਰੀ ਸੰਭਵ ਬਣਾਈ ਜਾਂਦੀ ਹੈ।

# ਸ੍ਰ. ਜੱਸਾ ਸਿੰਘ ਆਹਲੂਵਾਲੀਆ ਸੈਂਟਰਲ ਲਾਇਬ੍ਰੇਰੀ

**ਕਾਲਜ ਵਿਖੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਸੈਂਟਰਲ ਲਾਇਬਰੇਰੀ ਲੋੜੀਂਦੀ ਪੜ੍ਹਨ-ਸਮੱਗਰੀ ਅਤੇ ਨਵੀਂ ਤਕਨੀਕ ਦੇ ਸਾਜ਼ੋ-ਸਮਾਨ ਨਾਲ ਭਰਪੂਰ ਪੂਰੀ ਤਰ੍ਹਾਂ ਕੰਪਿਊਟਰਾਇਜ਼ਡ ਹੈ।ਲਾਇਬਰੇਰੀ ਦੀਆਂ ਸਾਰੀਆਂ ਕਿਤਾਬਾਂ ਦੀ ਬਾਰਕੋਡਿੰਗ ਕੀਤੀ ਗਈ ਹੈ ਅਤੇ ਇਸ ਦੇ ਸਾਰੇ ਮੈਂਬਰਾਂ ਨੂੰ ਬਾਰਕੋਡ ਅਧਾਰਿਤ ਕਾਲਜ-ਕਮ-ਲਾਇਬਰੇਰੀ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਂਦੇ ਹਨ, ਜਿਹਨਾਂ ਦੀ ਵਰਤੋਂ ਕਰਕੇ ਮੈਂਬਰ ਲਾਇਬਰੇਰੀ ਕਿਤਾਬ ਜਾਰੀ ਕਰਵਾ ਸਕਦੇ ਹਨ। ਕਾਲਜ ਦੀ ਲਾਇਬਰੇਰੀ ਵਿੱਚ ਵੈੱਬ-ਓਪੈਕ (ਆਨ-ਲਾਈਨ ਪਬਲਿਕ ਅਕਸੈੱਸ ਕੈਟਾਲਾਗ) ਦੀ ਸਹੂਲਤ ਹੈ, ਜਿਸ ਦੀ ਮੱਦਦ ਨਾਲ ਵਿਦਿਆਰਥੀ ਅਤੇ ਪ੍ਰਾਧਿਆਪਕ ਸਾਹਿਬਾਨ ਕਿਸੇ ਵੀ ਲਾਇਬਰੇਰੀ ਕਿਤਾਬ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣਾ ਲਾਇਬਰੇਰੀ ਖਾਤਾ ਚੈੱਕ ਕਰ ਸਕਦੇ ਹਨ। ਲਾਇਬਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ 34,015 ਤੋਂ ਵੱਧ ਕਿਤਾਬਾਂ ਹਨ। ਲਾਇਬਰੇਰੀ ਵਿੱਚ ਕੋਰਸਾਂ ਨਾਲ ਸਬੰਧਿਤ ਕਿਤਾਬਾਂ ਤੋਂ ਇਲਾਵਾ ਰੈਫ਼ਰੈਂਸ ਅਤੇ ਜਰਨਲ ਕਿਤਾਬਾਂ ਦਾ ਵੱਡਾ ਸੰਗ੍ਰਹਿ ਹੈ। ਇਸ ਤੋਂ ਇਲਾਵਾ ਲਾਇਬਰੇਰੀ ਵਿੱਚ ਰਸਾਲੇ ਅਤੇ ਖੋਜ ਰਸਾਲੇ ਉਪਲੱਬਧ ਹਨ, ਜੋ ਪ੍ਰਾਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦੇ ਖੋਜ ਕਾਰਜਾਂ ਵਿਚ ਮੱਦਦਗਾਰ ਸਾਬਤ ਹੋ ਰਹੇ ਹਨ। ਕਾਲਜ ਦੀ ਲਾਇਬਰੇਰੀ ਵਿੱਚ ਪਾਠਕਾਂ ਲਈ ਚਾਰ ਰੀਡਿੰਗ ਹਾਲ ਹਨ। ਕਾਲਜ ਦੀ ਲਾਇਬਰੇਰੀ ਵਿੱਚ ਈ-ਲਾਇਬਰੇਰੀ ਅਤੇ ਸੂਚਨਾ ਰਿਸੋਰਸ ਸੈਂਟਰ ਦੀ ਵਿਵਸਥਾ ਹੈ, ਜਿੱਥੇ ਵਿਦਿਆਰਥੀ ਅਤੇ ਪ੍ਰਾਧਿਆਪਕ ਸਾਹਿਬਾਨ ਈ-ਬੁਕਸ ਅਤੇ ਈ-ਜਰਨਲ ਐਕਸੈੱਸ ਕਰਕੇ ਪੜ੍ਹ ਸਕਦੇ ਹਨ। ਕਾਲਜ ਦੀ ਲਾਇਬਰੇਰੀ ਦੁਆਰਾ ਯੂ. ਜੀ. ਸੀ. ਵੱਲੋਂ ਸਪਾਂਸਰਡ ਅਤੇ ਇਨਫਲਿਬਨੈੱਟ ਵੱਲੋਂ ਸਥਾਪਿਤ ਈ-ਸ਼ੋਧਸਿੰਧੂ ਕਨਸ਼ੋਰਸ਼ੀਅਮ ਦੀ ਸਰਵਿਸ, ਐਨ-ਲਿਸਟ ਦੀ ਮੈਂਬਰਸ਼ਿਪ ਦੁਆਰਾ ਪ੍ਰਾਪਤ ਕੀਤੀ ਹੋਈ ਹੈ, ਜਿਸ ਦੇ ਤਹਿਤ ਵਿਦਿਆਰਥੀ ਅਤੇ ਪ੍ਰਾਧਿਆਪਕ ਸਾਹਿਬਾਨ ਆਪਣੀ ਯੂਜ਼ਰ ਆਈ. ਡੀ. ਦੀ ਮੱਦਦ ਨਾਲ ਆਪਣੀ ਲੋੜ ਅਨੁਸਾਰ ਈ-ਬੁਕਸ ਜਾ ਈ-ਜਰਨਲ ਨੂੰ ਮੋਬਾਈਲ / ਕੰਪਿਊਟਰ ਜਾਂ ਲੈਪਟਾਪ ਰਾਹੀ ਐਕਸੈੱਸ ਕਰਕੇ ਪੜ੍ਹ ਸਕਦੇ ਹਨ।**



# ਯੁਵਕ ਭਲਾਈ ਵਿਭਾਗ ਅਤੇ ਖੇਡ ਵਿਭਾਗ ਦੀਆਂ ਉਪਲੱਬਧੀਆਂ


























ਗੁਰੂ ਨਾਨਕ ਕਾਲਜ ਬੁਢਲਾਡਾ
ਆਟੋਨੋਮਸ ਕਾਲਜ
ਸੱਤਰੰਗ-2025











# ਖ਼ਬਰਾਂ ਦੀ ਜ਼ੁਬਾਨੀ

## ਗੁਰੂ ਨਾਨਕ ਕਾਲਜ 'ਚ ਸਤਰੰਗ 2025 ਕਲਾ, ਵਿਰਾਸਤੀ ਤੇ ਵਿੱਦਿਅਕ ਮੇਲੇ ਦਾ ਸ਼ਾਨਦਾਰ ਆਗਾਜ਼



## ਦਰਬਾਰ-ਏ-ਖ਼ਾਲਸਾ ਮਿਊਜ਼ੀਅਮ ਦਾ ਕੀਤਾ ਉਦਘਾਟਨ





## ...ਤ, ਸੋਮਪਾਲ ਹੀਰਾ ਵੱਲੋਂ ਮੰਚਨ ਕੀਤੇ ਨਾਟਕ ਭਾਸ਼ਾ ਵਹਿੰਦਾ ਦਰਿਆ' ਨੇ ਦਰਸ਼ਕਾਂ ਨੂੰ ਕੀਲਿਆ



ਅੰਮ੍ਰਿਤਸਰ ਵਿਖੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਪਾਸੋਂ ਵਿਸ਼ੇਸ਼ ਸਨਮਾਨ ਪ੍ਰਾਪਤ ਕਰਦੇ ਹੋਏ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਉਪ ਪ੍ਰਿੰਸੀਪਲ ਡਾ. ਰੇਖਾ ਕਾਲੜਾ। ਅਜੀਤ ਤਸਵੀਰ

## ਗੁਰੂ ਨਾਨਕ ਕਾਲਜ ਬੁਢਲਾਡਾ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਸਨਮਾਨ ਮਿਲਿਆ

## ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਰਾਸ਼ਟਰੀ ਸਾਇੰਸ ਦਿਵਸ ਨੂੰ ਸਮਰਪਿਤ 3 ਰੋਜ਼ਾ ਪ੍ਰੋਗਰਾਮ ਸਮਾਪਤ



## ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਕਰਵਾਇਆ



## ਗੁਰੂ ਨਾਨਕ ਕਾਲਜ ਦੀ ਭੰਗੜਾ ਟੀਮ ਨੇ ਜਿੱਤੀ ਓਵਰਆਲ ਟਰਾਫੀ



## ਗੁਰੂ ਨਾਨਕ ਕਾਲਜ 'ਚ ਗੁਰਮਤਿ ਸਮਾਗਮ ਕਰਵਾਇਆ



## ਗੁਰੂ ਨਾਨਕ ਕਾਲਜ 'ਚ ਸਾਲਾਨਾ ਖੇਡ ਸਮਾਗਮ ਕਰਵਾਇਆ



## ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਕਰੀਅਰ ਗਾਈਡੈਂਸ ਤੇ ਪਲੇਸਮੈਂਟ ਸੈੱਲ ਦੁਆਰਾ ਵਰਕਸ਼ਾਪ ਲਗਾਈ





ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਲਗਾਏ ਵਿਦਿਆਰਥੀ ਸ਼ਖ਼ਸੀਅਤ ਉਸਾਰੀ ਕੈਂਪ ਦਾ ਦ੍ਰਿਸ਼।

## ਵਿਦਿਆਰਥੀਆਂ ਨੂੰ ਨੈਤਿਕ ਗੁਣਾਂ ਦੇ ਧਾਰਨੀ ਬਣਾਉਣ ਦਾ ਕਾਰਜ ਬਣਿਆ ਦੋ ਦਿਨਾ ਸ਼ਖ਼ਸੀਅਤ ਉਸਾਰੀ ਕੈਂਪ



ਗੁਰੂ ਨਾਨਕ ਕਾਲਜ ਬੁਢਲਾਡਾ ਦੇ ਮੈਡਲ ਜੇਤੂ ਵਿਦਿਆਰਥੀ।

## ਗੁਰੂ ਨਾਨਕ ਕਾਲਜ ਬੁਢਲਾਡਾ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ



## ਯੂਨੀਵਰਸਿਟੀ ਕਾਲਜ ਬਹਾਦਰਪੁਰ ਵਿਖੇ ਯੁਵਕ ਮੇਲੇ ਦੇ ਦੂਜੇ ਦਿਨ ਨਾਟਕ ਦੀਆਂ ਪੇਸ਼ਕਾਰੀਆਂ ਨੇ ਬੰਨ੍ਹਿਆ ਰੰਗ



ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਪੁੱਜੇ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਬੁਢਲਾਡਾ ਦੀਆਂ ਵਿਦਿਆਰਥਣਾਂ ਅਧਿਆਪਕਾਂ ਨਾਲ। ਅਜੀਤ ਤਸਵੀਰ

## ਗੁਰੂ ਨਾਨਕ ਕਾਲਜ 'ਚ 'ਓਰੀਐਂਟੇਸ਼ਨ ਪ੍ਰੋਗਰਾਮ' ਦੌਰਾਨ 70 ਸਕੂਲਾਂ ਦੇ ਵਿਦਿਆਰਥੀਆਂ ਨੇ ਲਿਆ ਭਾਗ



## ਗੁਰੂ ਨਾਨਕ ਕਾਲਜ ਬੁਢਲਾਡਾ ਅੰਤਰ-ਖੇਤਰੀ ਯੁਵਕ ਮੇਲੇ 'ਚ 278 ਕਾਲਜਾਂ 'ਚੋਂ ਓਵਰਆਲ ਸੈਕਿੰਡ ਰਨਰਅਪ ਬਣਿਆ



ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਕਰਵਾਈ ਅਥਲੈਟਿਕਸ ਮੀਟ ਮੌਕੇ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਦਿਲਰਾਜ ਸਿੰਘ ਭੂੰਦੜ, ਡਾ. ਨਰਿੰਦਰ ਸਿੰਘ ਅਤੇ ਸਟਾਫ ਮੈਂਬਰ।

## ਨਵਜੋਤ ਸਿੰਘ ਤੇ ਹਰਪ੍ਰੀਤ ਕੌਰ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਸਰਬੋਤਮ ਖਿਡਾਰੀ ਬਣੇ



ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਵਿਦਿਆਰਥੀ ਨੂੰ ਰੋਲ ਆਫ ਆਨਰ ਪ੍ਰਦਾਨ ਕਰਨ ਸਮੇਂ ਮੁੱਖ ਮਹਿਮਾਨ ਇੰਜ. ਸੁਖਮਿੰਦਰ ਸਿੰਘ, ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਅਤੇ ਹਾਜ਼ਰੀਨ।

## ਗੁਰੂ ਨਾਨਕ ਕਾਲਜ ਦੀ ਸਾਲਾਨਾ ਕਾਨਵੋਕੇਸ਼ਨ ਮੌਕੇ 300 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ



## ਭਾਰਤੀ ਸੰਵਿਧਾਨ ਤੇ ਕਾਨੂੰਨ ਔਰਤ ਦੀ ਸੁਰੱਖਿਆ ਤੇ ਨਿਆਂ ਦਾ ਪਹਿਰੇਦਾਰ-ਜੱਜ ਰਾਜਵਿੰਦਰ ਕੌਰ






ARCHAEOLOGICAL MUSEUM, ROPAR






ICAR – NATIONAL DAIRY

**ਡਾ. ਨਰਿੰਦਰ ਸਿੰਘ**
ਪ੍ਰਿੰਸੀਪਲ
**98764-42759**

**ਡਾ. ਰੇਖਾ ਕਾਲੜਾ**
ਵਾਇਸ ਪ੍ਰਿੰਸੀਪਲ
ਮੁਖੀ, ਕੰਪਿਊਟਰ ਸਾਇੰਸ ਵਿਭਾਗ,
ਕਨਵੀਨਰ, ਅੰਦਰੂਨੀ ਸ਼ਿਕਾਇਤ ਸੈੱਲ
**81465-22759**

**ਪ੍ਰੋ. ਹਰਪ੍ਰੀਤ ਸਿੰਘ**
ਮੁਖੀ, ਗਣਿਤ ਵਿਭਾਗ,
ਰਜਿਸਟਰਾਰ ਪ੍ਰੀਖਿਆਵਾਂ
**89680-21786**

**ਡਾ. ਰੁਪਿੰਦਰਜੀਤ ਕੌਰ**
ਮੁਖੀ, ਅੰਗਰੇਜ਼ੀ ਵਿਭਾਗ,
ਇੰਚਾਰਜ ਬੀ.ਏ.ਭਾਗ-3
**94177-29901**

**ਡਾ.ਰਾਜਨਦੀਪ ਕੌਰ**
ਮੁਖੀ, ਪੰਜਾਬੀ ਵਿਭਾਗ,
ਕਨਵੀਨਰ, ਨੰਨ੍ਹੀ ਛਾਂ ਅਤੇ ਗਰੀਨ ਬ੍ਰਿਗੇਡ ਸੈੱਲ
**98557-67477**

**ਡਾ. ਸੁਖਵਿੰਦਰ ਕੌਰ**
ਮੁਖੀ, ਇਤਿਹਾਸ ਵਿਭਾਗ
ਇੰਚਾਰਜ ਐੱਮ.ਏ., ਐੱਫ.ਟੀ., ਐੱਫ.ਪੀ.
ਕੋਆਰਡੀਨੇਟਰ ਭਾਈ ਗੁਰਦਾਸ ਕੋਚਿੰਗ ਸੈਂਟਰ
**94643-97610**

**ਡਾ. ਰਜਿੰਦਰ ਕੌਰ**
ਮੁਖੀ, ਧਰਮ ਅਧਿਐਨ ਵਿਭਾਗ
ਕਨਵੀਨਰ ਨੈਤਿਕ ਅਤੇ ਅਧਿਆਤਮਿਕ ਸੈੱਲ
**84273-30525**

**ਡਾ. ਹਰਵਿੰਦਰਜੀਤ ਸਿੰਘ**
ਮੁਖੀ, ਲਾਇਬ੍ਰੇਰੀ ਅਤੇ ਸੂਚਨਾ
ਵਿਗਿਆਨ ਵਿਭਾਗ
**82880-10203**

**ਡਾ. ਜਤਿੰਦਰ ਸਿੰਘ**
ਮੁਖੀ, ਸਾਇੰਸ ਵਿਭਾਗ
**75087-68380**

**ਡਾ. ਮਨਪ੍ਰੀਤ ਸਿੰਘ**
ਮੁਖੀ, ਸੰਗੀਤ ਵਿਭਾਗ
**98151-59084**

**ਡਾ. ਸ਼ੰਟੀ ਕੁਮਾਰ**
ਮੁਖੀ, ਕਾਮਰਸ ਅਤੇ ਮੈਨੇਜਮੈਂਟ ਵਿਭਾਗ
**94667-30231**

**ਪ੍ਰੋ. ਰਮਨਦੀਪ ਸਿੰਘ**
ਮੁਖੀ, ਸਰੀਰਕ ਸਿੱਖਿਆ ਵਿਭਾਗ,
ਕੋਆਰਡੀਨੇਟਰ ਟਰਾਂਸਪੋਰਟ
**81465-81286**

**ਡਾ. ਕੁਲਵੰਤ ਸਿੰਘ**
ਮੁਖੀ, ਹਿੰਦੀ ਵਿਭਾਗ
**98157-36540**

**ਡਾ. ਰਿਸ਼ੀ ਕੁਮਾਰ**
ਕੋਆਰਡੀਨੇਟਰ, ਆਈ.ਕਿਊ.ਏ.ਸੀ.
ਮੁੱਖੀ ਫਿਜ਼ੀਕਸ ਵਿਭਾਗ
**94641-92801**

**ਡਾ. ਸੰਗੀਤਾ**
ਮੁਖੀ, ਫ਼ੂਡ ਪ੍ਰੋਸੈਸਿੰਗ ਵਿਭਾਗ
**75084-43881**

**ਪ੍ਰੋ. ਨੀਲਮ ਰਾਣੀ**
ਮੁਖੀ, ਫੈਸ਼ਨ ਤਕਨਾਲੋਜੀ ਵਿਭਾਗ
**94170-27205**

**ਡਾ. ਇੰਦਰਜੀਤ ਸਿੰਘ**
ਮੁਖੀ, ਰਾਜਨੀਤੀ ਸ਼ਾਸਤਰ ਵਿਭਾਗ
**98765-92312**

**ਪ੍ਰੋ. ਗੁਰਦੀਪ ਸਿੰਘ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਇੰਚਾਰਜ ਬੀ.ਏ. ਭਾਗ-1,
ਕੋਆਰਡੀਨੇਟਰ, ਯੁਵਕ ਭਲਾਈ ਵਿਭਾਗ,
ਪ੍ਰੋਗਰਾਮ ਅਫ਼ਸਰ, ਐੱਨ.ਐੱਸ.ਐੱਸ. ਵਿਭਾਗ
**62804-77383**

**ਡਾ. ਜਗਦੀਪ ਸਿੰਘ**
ਸਹਾਇਕ ਪ੍ਰੋਫੈਸਰ, ਅਰਥ-ਸ਼ਾਸਤਰ ਵਿਭਾਗ
ਇੰਚਾਰਜ ਬੀ.ਏ.ਭਾਗ-2
**98764-52299**

**ਸ੍ਰੀਮਤੀ ਕੁਲਬੀਰ ਕੌਰ**
ਇੰਚਾਰਜ,
ਗੁਰੂ ਨਾਨਕ ਕਾਲਜੀਏਟ ਸੈਕੰਡਰੀ ਸਕੂਲ
**62800-46123**

**ਸ੍ਰੀਮਤੀ ਆਸ਼ੂ**
ਸਕੂਲ
**81461-18441**

**ਡਾ. ਸੁਖਵਿੰਦਰ ਕੌਰ**
ਕੋਆਰਡੀਨੇਟਰ
ਭਾਈ ਗੁਰਦਾਸ ਕੋਚਿੰਗ ਸੈਂਟਰ
**94643-97610**

## ਸਟਾਫ਼ ਪ੍ਰਬੰਧਕੀ ਬਲਾਕ

**ਸ੍ਰੀ ਰਾਜੀਵ ਕੁਮਾਰ**
ਸੁਪਰਡੈਂਟ
**94630-69369**

**ਡਾ. ਸੰਦੀਪ ਕੌਰ**
ਬਰਸਰ
**98153-14859**

**ਸ੍ਰੀ ਪ੍ਰਮੋਦ ਕੁਮਾਰ**
ਅਕਾਊਂਟੈਂਟ
**98768-75351**

**ਵਿਦਿਆਰਥੀ ਸੁਵਿਧਾ ਕੇਂਦਰ**
**76580-53146**

## ਵਿਭਾਗੀ ਦਫ਼ਤਰੀ ਅਮਲਾ

**ਬੀ.ਏ. ਭਾਗ-1**
ਸ. ਜਗਮੇਲ ਸਿੰਘ
81465-28790

**ਬੀ.ਏ. ਭਾਗ-2**
ਸ੍ਰੀਮਤੀ ਨਸੀਬ ਕੌਰ
98769-88494

**ਬੀ.ਏ. ਭਾਗ-3**
ਸ੍ਰੀਮਤੀ ਰਮਨਦੀਪ ਰਾਣੀ
98154-74013

**ਯੂ.ਜੀ. ਅਤੇ ਪੀ.ਜੀ. ਸਾਇੰਸ ਵਿਭਾਗ**
ਸ. ਸ਼ੁੱਕਰਜੀਤ ਸਿੰਘ
98763-89251

**ਯੂ.ਜੀ. ਅਤੇ ਪੀ.ਜੀ. ਕੰਪਿਊਟਰ ਵਿਭਾਗ**
ਸ. ਜਸਵੀਰ ਸਿੰਘ
97793-76900

**ਖੇਤੀਬਾੜੀ, ਐੱਫ.ਪੀ., ਐੱਫ.ਟੀ. ਵਿਭਾਗ**
ਸ੍ਰੀਮਤੀ ਅਮਨਦੀਪ ਕੌਰ
78886-60671

**ਹਿਊਮੈਨੀਟੀ ਪੀ.ਜੀ. ਵਿਭਾਗ**
ਸ. ਨਰਿੰਦਰ ਸਿੰਘ
94659-18878

**ਯੂ.ਜੀ. ਅਤੇ ਪੀ.ਜੀ. ਕਾਮਰਸ ਅਤੇ ਵਣਜ ਵਿਭਾਗ**
ਸ੍ਰੀਮਤੀ ਗੁਰਵੀਰ ਕੌਰ
95929-80357

**ਯੂਨੀਵਰਸਿਟੀ ਕੰਮਾਂ ਸਬੰਧੀ ਪੁੱਛਗਿੱਛ**
ਸ. ਹਰਪ੍ਰੀਤ ਸਿੰਘ
79860-18859
ਸ. ਸ਼ੁੱਕਰਜੀਤ ਸਿੰਘ
98763-89251

## ਮਹੱਤਵਪੂਰਨ ਕਲੱਬ ਅਤੇ ਵਿਦਿਆਰਥੀ ਸਹਾਇਤਾ ਸੰਪਰਕ ਨੰਬਰ

**ਐੱਨ.ਸੀ.ਸੀ.,**
ਪ੍ਰੋ. ਕੁਲਬੀਰ ਸਿੰਘ
95698-72521

**ਕੋਆਰਡੀਨੇਟਰ ਸਕਾਲਰਸ਼ਿਪ**
ਡਾ. ਹੈਪੀ ਕੁਮਾਰ
84270-88447
ਪ੍ਰੋ. ਤਨੂੰਪ੍ਰੀਤ ਕੌਰ
86999-13601

**ਮਾਰਗ ਦਰਸ਼ਕ ਤੇ ਰੁਜ਼ਗਾਰ ਕੇਂਦਰ**
ਡਾ. ਨੀਤਿਕਾ
82838-17705

**ਰੈਗਿੰਗ ਸ਼ਿਕਾਇਤ ਸੈੱਲ**
ਡਾ. ਧਰੁਵ ਕੁਮਾਰ
73554-50566

**ਬੱਸ ਪਾਸ**
ਡਾ. ਸੰਧਿਆ ਵਤਸ
95010-27795
ਡਾ. ਗੀਤੂ
98724-50530

**ਟਰਾਂਸਪੋਰਟ ਇੰਚਾਰਜ**
ਰਮਨਦੀਪ ਸਿੰਘ
81465-81286

**ਜਿਨਸੀ ਪਰੇਸ਼ਾਨੀ ਸ਼ਿਕਾਇਤ ਸੈੱਲ**
ਡਾ. ਸੰਦੀਪ ਕੌਰ
98153-14859

**ਹੋਸਟਲ ਪੁੱਛਗਿੱਛ ਸੈੱਲ**
ਸ੍ਰੀਮਤੀ ਸੁਖਵਿੰਦਰ ਕੌਰ
94656-96877

**ਮੁੱਢਲੀ ਸਹਾਇਤਾ (First Aid)**
ਡਾ. ਕੁਲਵੰਤ ਸਿੰਘ
98157-36540

**ਟ੍ਰੇਨਿੰਗ ਅਫ਼ਸਰ**
ਡਾ. ਤੰਨੂਪ੍ਰੀਤ ਕੌਰ
86999-13601

# DIRECTORATE OF EDUCATION

Shiromani Gurdwara Parbandhak Committee,
Sri Amritsar Sahib



# PROSPECTUS 2025-26

# GURU NANAK COLLEGE BUDHLADA

## AUTONOMOUS COLLEGE

**Affiliated to Punjabi University, Patiala**

NAAC Accredited '**A**++' Grade College

'Star College' Status by DBT & 'Skill Hub Institute' Selected by NSDC, Govt. of India

95% Grant in Aid from Punjab Govt. & Eat Right Campus, Certified by Ministry of Health and Family Welfare, Govt. of India


www.gncbudhlada.org gncbudhlada@yahoo.co.in

N.H. 148-B, BUDHLADA, MANSA (PUNJAB)-151502